People's Herald
Rs- 100/month
People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610
"Equality and Justice" स्वतंत्रता, समानता, भाईचारा
PATIALA On line paper 04 ਅਪਰੈਲ 2025 ਸ਼ੁੱਕਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ
ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਨਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਸੁਪਰੀਮ ਕੋਰਟ ਦੇ ਜੱਜ ਜਾਇਦਾਦ ਦੇ ਵੇਰਵੇ ਜਨਤਕ ਕਰਨਗੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ

ਨਿਆਂਪਾਲਿਕਾ ਵਿੱਚ ਪਾਰਦਰਸ਼ਤਾ ਅਤੇ ਲੋਕਾਂ ਦਾ ਭਰੋਸਾ ਬਣਾਈ ਰੱਖਣ ਲਈ ਸੁਪਰੀਮ ਕੋਰਟ ਦੇ ਸਾਰੇ ਜੱਜਾਂ ਨੇ ਅਹੁਦਾ ਸੰਭਾਲਣ ਸਮੇਂ ਆਪਣੀ ਜਾਇਦਾਦ ਦੇ ਵੇਰਵੇ ਜਨਤਕ ਕਰਨ ਦਾ ਫੈਸਲਾ ਕੀਤਾ ਹੈ।



1 ਅਪ੍ਰੈਲ ਨੂੰ ਹੋਈ ਫੁੱਲ ਕੋਰਟ ਮੀਟਿੰਗ 'ਚ ਸਾਰੇ 34 ਜੱਜਾਂ ਨੇ ਚੀਫ ਜਸਟਿਸ ਆਫ ਇੰਡੀਆ ਸੰਜੀਵ ਖੰਨਾ ਦੀ ਮੌਜੂਦਗੀ 'ਚ ਆਪਣੀ ਜਾਇਦਾਦ ਦਾ ਖੁਲਾਸਾ ਕਰਨ ਦਾ ਫੈਸਲਾ ਕੀਤਾ ਹੈ।

ਜੱਜਾਂ ਨੇ ਇਹ ਵੀ ਕਿਹਾ ਕਿ ਜਾਇਦਾਦਾਂ ਨਾਲ ਸਬੰਧਤ ਵੇਰਵੇ ਸੁਪਰੀਮ ਕੋਰਟ ਦੀ ਅਧਿਕਾਰਤ ਵੈੱਬਸਾਈਟ 'ਤੇ ਅਪਲੋਡ ਕੀਤੇ ਜਾਣਗੇ। ਹਾਲਾਂਕਿ, ਵੈਬਸਾਈਟ 'ਤੇ ਜਾਇਦਾਦ ਦੀ ਘੋਸ਼ਣਾ ਸਵੈਇੱਛਤ ਹੋਵੇਗੀ।

## 'ਆਪ' ਆਗੂਆਂ ਨੇ ਖਾਲਿਸਤਾਨੀ ਸਮਰਥਕ ਪੰਨੂ ਨੂੰ ਦਿੱਤਾ ਮੂੰਹ-ਤੋੜ ਜਵਾਬ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ

ਆਮ ਆਦਮੀ ਪਾਰਟੀ ਦੇ ਆਗੂਆਂ ਨੇ ਗੁਰਪਤਵੰਤ ਪੰਨੂ ਵੱਲੋਂ ਡਾ.ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਢਹਿ-ਢੇਰੀ ਕਰਨ ਸਬੰਧੀ ਦਿੱਤੇ ਬਿਆਨ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਦਲਿਤ ਵਿਰੋਧੀ, ਸੰਵਿਧਾਨ ਵਿਰੋਧੀ ਅਤੇ ਦੇਸ਼ ਵਿਰੋਧੀ ਕਰਾਰ ਦਿੱਤਾ ਹੈ।

ਜਲੰਧਰ 'ਚ 'ਆਪ' ਆਗੂ ਪਵਨ ਕੁਮਾਰ ਟੀਨੂੰ ਨੇ 'ਆਪ' ਵਿਧਾਇਕ ਬਲਕਾਰ ਸਿੰਘ ਅਤੇ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਚੰਦਨ ਗਰੇਵਾਲ, ਆਤਮ ਪ੍ਰਕਾਸ਼ ਬਬਲੂ, ਦਿਨੇਸ਼ ਢੱਲ, ਚਰਨਜੀਤ ਚੰਨੀ, ਦੀਪਕ ਸ਼ਾਰਦਾ ਅਤੇ ਤਰਨਦੀਪ ਸਿੰਘ ਸੰਨੀ ਨਾਲ ਇਸ ਮੁੱਦੇ 'ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ।

ਟੀਨੂੰ ਨੇ ਕਿਹਾ ਕਿ ਵਿਦੇਸ਼ ਬੈਠੇ ਭਗੌੜੇ ਗੁਰਪਤਵੰਤ ਪੰਨੂ ਦਾ ਘਿਨੌਣਾ ਬਿਆਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵਿਰੁੱਧ ਹੀ ਨਹੀਂ ਹੈ। ਇਹ ਦਲਿਤ ਭਾਈਚਾਰੇ ਅਤੇ ਸੰਵਿਧਾਨ ਦੇ ਵੀ ਖ਼ਿਲਾਫ਼ ਹੈ। ਡਾ. ਭੀਮ ਰਾਓ ਅੰਬੇਡਕਰ ਸਿਰਫ਼ ਦਲਿਤਾਂ ਦੇ ਹੀ ਨਹੀਂ ਸਗੋਂ ਪੂਰੇ ਦੇਸ਼ ਦੇ ਹੀਰੋ ਹਨ। ਡਾ. ਅੰਬੇਡਕਰ ਨੇ ਦੇਸ਼ ਦਾ



ਸੰਵਿਧਾਨ ਬਣਾ ਕੇ ਸਾਰੇ ਲੋਕਾਂ ਨੂੰ ਬਰਾਬਰਤਾ ਦਾ ਅਧਿਕਾਰ ਦਿੱਤਾ। ਜੇਕਰ ਅੱਜ ਦੇਸ਼ ਇੱਕਜੁੱਟ ਹੈ ਤਾਂ ਇਹ ਸੰਵਿਧਾਨ ਦੀ ਬਦੌਲਤ ਹੈ।

ਟੀਨੂੰ ਨੇ ਕਿਹਾ ਕਿ ਗੁਰਪਤਵੰਤ ਪੰਨੂ ਨੂੰ ਡਾ. ਅੰਬੇਡਕਰ ਦੇ ਦੇਸ਼ ਪ੍ਰਤੀ ਯੋਗਦਾਨ ਬਾਰੇ ਕੁਝ ਨਹੀਂ ਪਤਾ। ਉਸ ਨੂੰ ਸਿੱਖ ਧਰਮ ਬਾਰੇ ਵੀ ਕੋਈ ਗਿਆਨ ਨਹੀਂ ਕਿਉਂਕਿ ਸਿੱਖ ਧਰਮ 'ਸਰਬੱਤ ਦੇ ਭਲੇ' ਦੀ ਗੱਲ ਕਰਦਾ ਹੈ ਅਤੇ ਸਾਰੇ ਲੋਕਾਂ ਨੂੰ ਬਰਾਬਰ ਸਮਝਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਦਲਿਤਾਂ ਨੂੰ 'ਰੰਗਰੇਟਾ ਗੁਰੂ ਦਾ ਪੁੱਤ' ਦਾ ਖ਼ਿਤਾਬ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਪੰਨੂ ਅਕਸਰ ਅਮਰੀਕਾ ਵਿੱਚ ਬੈਠ ਕੇ ਭਾਰਤ ਨੂੰ ਤੋੜਨ ਦੀ ਗੱਲ ਕਰਦਾ ਹੈ ਪਰ ਅਸੀਂ ਉਸ ਨੂੰ ਚੁਣੌਤੀ ਦਿੰਦੇ ਹਾਂ ਕਿ ਜੇਕਰ ਉਹ ਇੰਨਾ ਹੀ ਬਹਾਦਰ ਹੈ ਤਾਂ ਭਾਰਤ ਆ ਕੇ ਇੱਥੇ ਆਪਣੀ ਗੱਲ ਰੱਖੇ।ਉੱਥੇ ਬੈਠ ਕੇ ਇੱਥੇ ਲੋਕਾਂ ਨੂੰ ਨਾ ਭੜਕਾਵੇ। ਟੀਨੂੰ ਨੇ ਕਿਹਾ ਕਿ ਆਮ ਆਦਮੀ ਪਾਰਟੀ ਉਨ੍ਹਾਂ ਵੱਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਦਾ ਮੂੰਹ ਤੋੜਵਾਂ ਜਵਾਬ ਦੇਵੇਗੀ।

ਟੀਨੂੰ ਨੇ ਸਵਾਲ ਉਠਾਇਆ ਕਿ ਕੁਝ ਲੋਕ ਅਕਸਰ ਜਨਤਕ ਤੌਰ 'ਤੇ ਦਲਿਤ ਅੰਬੇਡਕਰ ਅਤੇ ਸੰਵਿਧਾਨ ਦੇ ਖ਼ਿਲਾਫ਼ ਬੋਲਦੇ ਹਨ ਅਤੇ ਸਮਾਜ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਲਈ ਭਾਰਤ ਸਰਕਾਰ ਨੂੰ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਅਜਿਹੇ ਲੋਕਾਂ ਪਿੱਛੇ ਕਿਹੜੀ ਏਜੰਸੀ ਜਾਂ ਕਿਹੜੀ ਸਿਆਸੀ ਤਾਕਤ ਕੰਮ ਕਰ ਰਹੀ ਹੈ।

ਅਸੀਂ ਕੇਂਦਰ ਸਰਕਾਰ ਨੂੰ ਵੀ ਅਪੀਲ ਕਰਦੇ ਹਾਂ ਕਿ ਜੇਕਰ ਪੰਨੂ ਕੇਂਦਰੀ ਏਜੰਸੀਆਂ ਦੀ ਕਠਪੁਤਲੀ ਨਹੀਂ ਹੈ ਤਾਂ ਉਸ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਉਸ ਨੂੰ ਭਾਰਤ ਲਿਆਂਦਾ ਜਾਵੇ। 'ਆਪ' ਆਗੂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ ਵਿੱਚ ਡਾਕਟਰ ਅੰਬੇਡਕਰ ਖ਼ਿਲਾਫ਼ ਦਿੱਤੇ ਅਪਮਾਨਜਨਕ ਬਿਆਨਾਂ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਇਹ ਬਿਆਨ ਕਈ ਤਰ੍ਹਾਂ ਦੇ ਸ਼ੱਕ ਪੈਦਾ ਕਰਦੇ ਹਨ। ਇਸ ਲਈ ਕੇਂਦਰ ਸਰਕਾਰ ਨੂੰ ਇਸ ਬਾਰੇ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨੀ ਚਾਹੀਦੀ ਹੈ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ 'ਆਪ' ਵਿਧਾਇਕ ਬਲਕਾਰ ਸਿੰਘ ਨੇ ਕਿਹਾ ਕਿ ਪੰਨੂੰ ਪੰਜਾਬ ਦਾ ਮਾਹੌਲ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਨੇ ਸਿਰਫ਼ ਦਲਿਤਾਂ ਨੂੰ ਹੀ ਹੱਕ ਨਹੀਂ ਦਿੱਤੇ, ਉਨ੍ਹਾਂ ਨੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕਾਂ ਨੂੰ ਸੰਵਿਧਾਨਕ ਤੌਰ 'ਤੇ ਵੋਟ ਦਾ ਅਧਿਕਾਰ ਸਮੇਤ ਹੋਰ ਮੌਲਿਕ ਅਧਿਕਾਰ ਵੀ ਦਿੱਤੇ ਹਨ। ਇਸ ਲਈ ਪੰਨੂ ਦਾ ਬਿਆਨ ਉਸ ਦੀ ਮਾੜੀ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ ਕਿ ਅਸੀਂ 14 ਤਰੀਕ ਨੂੰ ਬਾਬਾ ਸਾਹਿਬ ਦੇ ਬੁੱਤ ਤੋੜਨ ਦੀ ਉਸ ਦੀ ਧਮਕੀ ਨੂੰ ਨਾਕਾਮ ਕਰ ਦਿਆਂਗੇ। ਆਮ ਆਦਮੀ ਪਾਰਟੀ ਦੇ ਵਰਕਰ ਪੰਜਾਬ ਭਰ ਵਿੱਚ ਡਾ. ਅੰਬੇਡਕਰ ਦੇ ਬੁੱਤ ਨੇੜੇ ਡਟ ਕੇ ਪਹਿਰਾ ਦੇਣਗੇ ਅਤੇ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਣ ਦੇਣਗੇ।

## ਪੰਜਾਬ ਦੀ ਪੁਰਾਤਨ ਸ਼ਾਨ ਬਹਾਲੀ ਲਈ ਅਣਥੱਕ ਮਿਹਨਤ ਕਰ ਰਹੇ ਹਾਂ: ਮੁੱਖ ਮੰਤਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਤਿੰਨ ਸਾਲਾਂ ਤੱਕ ਪਿਛਲੀਆਂ ਸਰਕਾਰਾਂ ਦੀ ਗੜਬੜੀ ਠੀਕ ਕਰਨ ਤੋਂ ਬਾਅਦ ਸੂਬਾ ਸਰਕਾਰ ਹੁਣ ਪੰਜਾਬ ਦੀ ਪੁਰਾਤਨ ਸ਼ਾਨ ਬਹਾਲੀ ਦੇ ਰਾਹ 'ਤੇ ਹੈ।

ਇੱਥੇ ਦੋ ਪ੍ਰਮੁੱਖ ਸੰਸਥਾਵਾਂ ਅਤਿ-ਆਧੁਨਿਕ ਇੰਡਸਟਰੀਅਲ ਟ੍ਰੇਨਿੰਗ ਇੰਸਟੀਚਿਊਟ (ਆਈ.ਟੀ.ਆਈ.) ਅਤੇ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ (ਐਮ.ਐਸ.ਡੀ.ਸੀ.) ਉਤੇ ਆਧਾਰਤ ਵਰਲਡ ਸਕਿੱਲ ਕੈਂਪਸ ਆਫ਼ ਐਕਸੀਲੈਂਸ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਦੁੱਖ ਪ੍ਰਗਟ ਕੀਤਾ ਕਿ ਪਿਛਲੀਆਂ ਸਰਕਾਰਾਂ ਦੀਆਂ ਪਿਛਾਂਹ-ਖਿੱਚੂ ਨੀਤੀਆਂ ਅਤੇ ਮਾੜੀ ਭਾਵਨਾ ਕਾਰਨ ਸੂਬਾ ਵਿਕਾਸ ਵਿੱਚ ਪਛੜ ਗਿਆ ਹੈ। ਉਨ੍ਹਾਂ ਕਿਹਾ ਕਿ ਇਕ ਉਹ ਸਮਾਂ ਸੀ, ਜਦੋਂ ਉਦਯੋਗ ਸੰਕਟ ਵਿੱਚ ਸੀ, ਡਰੱਗ ਮਾਫੀਆ ਅਤੇ ਗੈਂਗਸਟਰ ਪਹਿਲਾਂ ਦੇ ਸ਼ਾਸਕਾਂ ਦੀ ਖੁੱਲ੍ਹੀ ਸਰਪ੍ਰਸਤੀ ਹੇਠ ਵੱਧ-ਫੁੱਲ ਰਹੇ ਸਨ ਅਤੇ ਪੰਜਾਬ ਦਾ ਵਿਕਾਸ ਪਟੜੀ ਤੋਂ ਉਤਰ ਚੁੱਕਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੱਤਾ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਉਨ੍ਹਾਂ ਦੀ ਸਰਕਾਰ ਨੇ ਸੂਬੇ ਦੇ ਸੰਪੂਰਨ ਵਿਕਾਸ ਅਤੇ ਲੋਕਾਂ ਦੀ ਖ਼ੁਸ਼ਹਾਲੀ 'ਤੇ ਧਿਆਨ ਕੇਂਦਰਿਤ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਨੂੰ ਦਿੱਤੀਆਂ ਲਗਭਗ ਸਾਰੀਆਂ ਗਰੰਟੀਆਂ ਪੂਰੀਆਂ ਕਰ ਦਿੱਤੀਆਂ ਹਨ ਅਤੇ ਜੋ ਗਰੰਟੀਆਂ ਨਹੀਂ ਦਿੱਤੀਆਂ ਗਈਆਂ ਸਨ, ਉਹ ਵੀ ਪੂਰੀਆਂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਕ ਪਾਸੇ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਰੋਜ਼ਾਨਾ ਟੌਲ ਦਰਾਂ ਵਧਾ ਰਹੀ ਹੈ, ਜਦੋਂ ਕਿ ਦੂਜੇ ਪਾਸੇ ਸੂਬਾ ਸਰਕਾਰ ਨੇ ਪੰਜਾਬ ਵਿੱਚ 17 ਟੌਲ ਪਲਾਜ਼ਾ ਬੰਦ ਕਰ ਦਿੱਤੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸੇ ਤਰ੍ਹਾਂ ਹਰ ਖੇਤਰ ਦੇ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਲਈ ਯੋਜਨਾ ਤਿਆਰ ਕੀਤੀ ਗਈ ਹੈ ਅਤੇ ਇਸ ਨੂੰ ਲਾਗੂ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬਦਕਿਸਮਤੀ ਨਾਲ 153 ਬਲਾਕਾਂ ਵਿੱਚੋਂ 117 ਵਿੱਚ ਧਰਤੀ ਹੇਠਲਾ ਪਾਣੀ ਖ਼ਤਮ ਹੋ ਗਿਆ ਹੈ, ਜੋ 'ਡਾਰਕ ਜ਼ੋਨ' ਵਾਲੇ ਖੇਤਰ ਵਿੱਚ ਚਲੇ ਗਏ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਧਰਤੀ ਹੇਠਲਾ ਪਾਣੀ ਬਚਾਉਣ ਲਈ ਕੋਈ ਯਤਨ ਨਹੀਂ ਕੀਤਾ ਅਤੇ ਪੰਜ ਦਰਿਆਵਾਂ ਦੀ ਇਸ ਧਰਤੀ 'ਤੇ ਟੇਲਾਂ ਉਤੇ ਪੈਂਦੇ ਕਿਸਾਨਾਂ ਨੂੰ ਕਦੇ ਵੀ ਨਹਿਰੀ ਪਾਣੀ ਨਹੀਂ ਮਿਲਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਆਪ' ਸਰਕਾਰ ਨੇ ਸੱਤਾ ਸੰਭਾਲਣ ਤੋਂ ਬਾਅਦ ਸੂਬੇ ਵਿੱਚ 15947 ਰਜਵਾਹਿਆਂ ਨੂੰ ਸੁਰਜੀਤ ਕੀਤਾ, ਜਿਸ ਕਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਵੀ ਪਾਣੀ ਟੇਲਾਂ ਉੱਤੇ ਪਹੁੰਚਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਜੁਲਾਈ 2022 ਤੋਂ ਘਰਾਂ ਨੂੰ ਮੁਫ਼ਤ ਬਿਜਲੀ ਮੁਹੱਈਆ ਕਰਵਾਈ ਹੈ, ਜਿਸ ਤੋਂ ਬਾਅਦ 90 ਫੀਸਦੀ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਸੂਬਾ ਸਰਕਾਰ ਨੇ ਸੂਬੇ ਨੂੰ ਬਿਜਲੀ ਉਤਪਾਦਨ ਵਿੱਚ ਸਰਪਲੱਸ ਬਣਾਉਣ ਲਈ ਕਿਸੇ ਨਿੱਜੀ ਫਰਮ ਤੋਂ ਪਾਵਰ ਪਲਾਂਟ ਖਰੀਦਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਸ ਥਰਮਲ ਪਲਾਂਟ ਦਾ ਨਾਮ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ 'ਤੇ ਰੱਖਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਪੂਰੀ ਤਰ੍ਹਾਂ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਦਭਾਵਨਾ ਹੈ, ਜੋ ਮੁੱਖ ਤੌਰ 'ਤੇ ਸੂਬੇ ਦੇ ਸਮੁੱਚੇ ਵਿਕਾਸ ਅਤੇ ਖੁਸ਼ਹਾਲੀ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਪਿਛਲੇ ਤਿੰਨ ਸਾਲਾਂ ਵਿੱਚ ਹੁਣ ਤੱਕ ਸੂਬੇ ਵਿੱਚ ਲਗਭਗ 97,000 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਉਨ੍ਹਾਂ ਕਿਹਾ ਕਿ ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਮੋਹਰੀ ਕੰਪਨੀਆਂ ਸੂਬੇ ਵਿੱਚ ਨਿਵੇਸ਼ ਕਰਨ ਲਈ ਅੱਗੇ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਕੰਪਨੀਆਂ ਆਪਣਾ ਕਾਰੋਬਾਰ ਫੈਲਾਉਣ ਲਈ ਸੂਬੇ ਵਿੱਚ ਸ਼ਾਨਦਾਰ ਬੁਨਿਆਦੀ ਢਾਂਚੇ, ਬਿਜਲੀ, ਹੁਨਰਮੰਦ ਮਨੁੱਖੀ ਸਰੋਤਾਂ ਅਤੇ ਵਧੀਆ ਉਦਯੋਗਿਕ ਅਤੇ ਕੰਮ-ਕਾਜੀ ਸੱਭਿਆਚਾਰ ਵਾਲੇ ਮਾਹੌਲ ਦਾ ਵੱਧ ਤੋਂ ਵੱਧ ਲਾਹਾ ਲੈ ਰਹੀਆਂ ਹਨ।

# ਭਾਰਤ ਉੱਤੇ ਟਰੰਪ ਨੇ ਲਗਾਇਆ 26% ਟੈਰਿਫ, ਕੁਝ ਦੇਸ਼ਾਂ ਨੂੰ ਵੱਡਾ ਝਟਕਾ, ਜਾਣੋ ਟਰੰਪ ਦੇ ਐਲਾਨ ਨਾਲ ਜੁੜੀਆਂ 10 ਅਹਿਮ ਗੱਲਾਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਦੁਨੀਆਂ ਭਰ ਦੇ ਦੇਸ਼ਾਂ 'ਤੇ ਲਗਾਏ ਗਏ ਟੈਰਿਫਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਇਹ ਸੂਚੀ ਰਾਸ਼ਟਰਪਤੀ ਟਰੰਪ ਦੇ ਦਫ਼ਤਰ ਵੱਲੋਂ ਆਪਣੇ ਐਕਸ ਹੈਂਡਲ 'ਤੇ ਪੋਸਟ ਕੀਤੀ ਗਈ ਹੈ।

ਇਸ ਸੂਚੀ ਵਿੱਚ ਭਾਰਤ ਦਾ ਨਾਮ ਵੀ ਸ਼ਾਮਲ ਹੈ ਅਤੇ ਟਰੰਪ ਨੇ ਭਾਰਤ 'ਤੇ 26 ਫੀਸਦੀ ਟੈਰਿਫ ਲਗਾਇਆ ਹੈ।

ਇਸ ਦੇ ਨਾਲ ਹੀ, ਭਾਰਤ ਦੇ ਗੁਆਂਢੀ ਦੇਸ਼ਾਂ 'ਤੇ ਵੱਖ-ਵੱਖ ਦਰਾਂ 'ਤੇ ਟੈਰਿਫ ਲਗਾਏ ਗਏ ਹਨ। ਇਸ ਐਲਾਨ ਵਿੱਚ, ਚੀਨ 'ਤੇ 34%, ਪਾਕਿਸਤਾਨ 'ਤੇ 29%, ਬੰਗਲਾਦੇਸ਼ 'ਤੇ 37%, ਮਿਆਂਮਾਰ ਅਤੇ ਸ੍ਰੀਲੰਕਾ 'ਤੇ 44% ਟੈਰਿਫ ਲਗਾਇਆ ਗਿਆ ਹੈ।

ਟਰੰਪ ਨੇ ਯੂਰਪੀ ਸੰਘ 'ਤੇ 20% ਟੈਰਿਫ ਲਗਾਇਆ ਹੈ। ਰਾਸ਼ਟਰਪਤੀ ਟਰੰਪ ਪਹਿਲਾਂ ਤੋਂ ਹੀ 2 ਅਪ੍ਰੈਲ ਨੂੰ 'ਲਿਬਰੇਸ਼ਨ ਡੇਅ' ਕਹਿੰਦੇ ਆ ਰਹੇ ਹਨ।

ਇਸ ਤੋਂ ਪਹਿਲਾਂ ਅਮਰੀਕਾ ਨੇ 4 ਫਰਵਰੀ ਨੂੰ, ਚੀਨ ਤੋਂ ਆਉਣ ਵਾਲੇ ਸਮਾਨ 'ਤੇ 10 ਫੀਸਦੀ ਟੈਰਿਫ ਲਗਾਇਆ ਸੀ। ਜਿਸ ਨੂੰ 4 ਮਾਰਚ ਨੂੰ ਵਧਾ ਕੇ 20 ਫੀਸਦੀ ਕਰ ਦਿੱਤਾ ਗਿਆ।

ਇਸ ਦੇ ਨਾਲ ਹੀ, ਅਮਰੀਕਾ ਨੇ 4 ਮਾਰਚ ਤੋਂ ਹੀ ਕੈਨੇਡਾ ਅਤੇ ਮੈਕਸੀਕੋ ਤੋਂ ਦਰਾਮਦ ਹੋਣ ਵਾਲੇ ਸਮਾਨ 'ਤੇ 25 ਫੀਸਦੀ ਟੈਰਿਫ ਲਗਾ ਦਿੱਤਾ ਹੈ। ਕੈਨੇਡਾ ਤੋਂ ਊਰਜਾ ਨਾਲ ਸਬੰਧਤ ਦਰਾਮਦ 'ਤੇ ਵੀ 10 ਫੀਸਦੀ ਟੈਰਿਫ ਲਗਾਇਆ ਗਿਆ ਹੈ।

ਇਸ ਰਿਪੋਰਟ ਵਿੱਚ ਜਾਣਦੇ ਹਾਂ ਟਰੰਪ ਦੇ ਐਲਾਨ ਨਾਲ ਜੁੜੀਆਂ 10 ਮਹੱਤਵਪੂਰਨ ਗੱਲਾਂ:

## ਭਾਰਤ ਨੇ ਦਿੱਤੀ ਪ੍ਰਤੀਕਿਰਿਆ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ 'ਤੇ 26% ਟੈਰਿਫ ਲਗਾਉਣ ਦੇ ਐਲਾਨ ਤੋਂ ਬਾਅਦ ਭਾਰਤ ਨੇ ਜਵਾਬ ਦਿੱਤਾ ਹੈ।

ਭਾਰਤ ਦੇ ਵਣਜ ਅਤੇ ਉਦਯੋਗ ਮੰਤਰਾਲੇ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, "ਨਵੇਂ ਘਟਨਾਕ੍ਰਮ ਦੇ ਪ੍ਰਭਾਵ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਅਤੇ ਇਸ ਤੋਂ ਪ੍ਰਭਾਵਿਤ ਹੋਣ ਵਾਲੀਆਂ ਸਾਰੀਆਂ ਧਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ।"

ਮੰਤਰਾਲੇ ਨੇ ਕਿਹਾ ਹੈ ਕਿ 'ਅਮਰੀਕੀ ਵਪਾਰ ਨੀਤੀ ਵਿੱਚ ਹੋਏ ਨਵੇਂ ਬਦਲਾਵਾਂ ਕਾਰਨ ਪੈਦਾ ਹੋਣ ਵਾਲੇ ਨਵੇਂ ਮੌਕਿਆਂ ਦਾ ਵੀ ਅਧਿਐਨ ਕੀਤਾ ਜਾ ਰਿਹਾ ਹੈ।'

ਭਾਰਤ ਦੇ ਵਣਜ ਅਤੇ ਉਦਯੋਗ ਮੰਤਰਾਲੇ ਦੇ ਇੱਕ ਬਿਆਨ ਦੇ ਮੁਤਾਬਕ, "13 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਟਰੰਪ ਨੇ 2030 ਤੱਕ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਨੂੰ ਦੁੱਗਣਾ ਕਰਕੇ 500 ਅਰਬ ਡਾਲਰ ਤੱਕ ਪਹੁੰਚਾਉਣ ਦੇ ਸੰਕਲਪ ਦਾ ਐਲਾਨ ਕੀਤਾ ਸੀ।"

ਬਿਆਨ ਵਿੱਚ ਕਿਹਾ ਗਿਆ ਹੈ ਕਿ 'ਭਾਰਤ ਅਤੇ ਅਮਰੀਕਾ ਵਿਚਕਾਰ ਆਪਸੀ ਲਾਭਕਾਰੀ ਬਹੁ-ਖੇਤਰੀ ਦੁਵੱਲੇ ਵਪਾਰ ਸਮਝੌਤੇ ਬਾਰੇ ਗੱਲਬਾਤ ਚੱਲ ਰਹੀ ਹੈ। ਵਪਾਰ ਅਤੇ ਨਿਵੇਸ਼ ਵਧਾਉਣ, ਤਕਨਾਲੋਜੀ ਟਰਾਂਸਫਰ ਵਰਗੇ ਮੁੱਦਿਆਂ 'ਤੇ ਵੀ ਗੱਲਬਾਤ ਚੱਲ ਰਹੀ ਹੈ ਅਤੇ ਅਸੀਂ ਆਉਣ ਵਾਲੇ ਸਮੇਂ ਵਿੱਚ ਇਸ 'ਤੇ ਅੱਗੇ ਵਧਾਂਗੇ।'

## ਰਾਹੁਲ ਗਾਂਧੀ ਨੇ ਕੀਤੀ ਅਲੋਚਣਾ

ਵੀਰਵਾਰ ਨੂੰ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਵਿਦੇਸ਼ ਨੀਤੀ ਦੇ ਮਾਮਲੇ ਵਿੱਚ ਭਾਰਤ ਸਰਕਾਰ ਦੇ ਰੁਖ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ 'ਅਮਰੀਕੀ ਟੈਰਿਫ ਭਾਰਤੀ ਅਰਥਵਿਵਸਥਾ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦੇਵੇਗਾ।'

ਲੋਕ ਸਭਾ ਵਿੱਚ ਬਹਿਸ ਦੌਰਾਨ, ਰਾਹੁਲ ਗਾਂਧੀ ਨੇ ਕਿਹਾ, "ਸਾਡੇ ਸਹਿਯੋਗੀ ਨੇ ਅਚਾਨਕ ਸਾਡੇ 'ਤੇ 26 ਫ਼ੀਸਦ ਟੈਰਿਫ ਲਗਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ ਸਾਡੀ ਆਰਥਿਕਤਾ, ਆਟੋ ਉਦਯੋਗ, ਫਾਰਮਾ ਉਦਯੋਗ, ਖੇਤੀਬਾੜੀ... ਸਭ 'ਤੇ ਖ਼ਤਰਾ ਹੈ।"

ਭਾਜਪਾ ਸਰਕਾਰ 'ਤੇ ਅਮਰੀਕਾ ਅੱਗੇ 'ਝੁਕਣ' ਦਾ ਇਲਜ਼ਾਮ ਲਗਾਉਂਦੇ ਹੋਏ, ਉਨ੍ਹਾਂ ਪੁੱਛਿਆ, "ਤੁਸੀਂ ਇਸ ਟੈਰਿਫ ਬਾਰੇ ਕੀ ਕਰਨ ਜਾ ਰਹੇ ਹੋ?"

ਹਾਲਾਂਕਿ, ਭਾਰਤ 'ਤੇ ਲਗਾਏ ਗਏ ਟੈਰਿਫ ਦੂਜੇ ਗੁਆਂਢੀ ਦੇਸ਼ਾਂ 'ਤੇ ਲਗਾਏ ਗਏ ਟੈਰਿਫਾਂ ਨਾਲੋਂ ਘੱਟ ਹਨ, ਅਤੇ ਭਾਰਤ ਦੇ ਇੱਕ ਵੱਡੇ ਸੈਕਟਰ, ਫਾਰਮਾ ਸੈਕਟਰ, ਨੂੰ ਟੈਰਿਫ ਤੋਂ ਛੋਟ ਹੈ।





## 1. ਭਾਰਤ 'ਤੇ ਲੱਗਿਆ ਕਿੰਨਾ ਟੈਰਿਫ

ਟਰੰਪ ਨੇ ਭਾਰਤ 'ਤੇ 26 ਫੀਸਦੀ 'ਛੋਟ ਵਾਲਾ ਰਿਸਪ੍ਰੋਸੀਕਲ ਟੈਰਿਫ' ਲਗਾਉਣ ਦਾ ਐਲਾਨ ਕੀਤਾ ਹੈ। ਵ੍ਹਾਈਟ ਹਾਊਸ ਦੇ ਅਨੁਸਾਰ, ਭਾਰਤ ਅਮਰੀਕਾ 'ਤੇ 52 ਫੀਸਦੀ ਟੈਰਿਫ ਲਗਾਉਂਦਾ ਹੈ।

ਟੈਰਿਫ ਦਾ ਐਲਾਨ ਕਰਦੇ ਸਮੇਂ ਅਮਰੀਕੀ ਰਾਸ਼ਟਰਪਤੀ ਨੇ ਭਾਰਤ ਦਾ ਵੀ ਜ਼ਿਕਰ ਕੀਤਾ।

ਉਨ੍ਹਾਂ ਕਿਹਾ, "ਪ੍ਰਧਾਨ ਮੰਤਰੀ (ਮੋਦੀ) ਕੁਝ ਦਿਨ ਪਹਿਲਾਂ ਹੀ ਇੱਥੋਂ ਗਏ ਹਨ ਅਤੇ ਉਹ ਮੇਰੇ ਬਹੁਤ ਚੰਗੇ ਦੋਸਤ ਹਨ, ਪਰ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਮੇਰੇ ਦੋਸਤ ਹੋ ਪਰ ਤੁਸੀਂ ਸਾਡੇ ਨਾਲ ਸਹੀ ਨਹੀਂ ਕਰ ਰਹੇ।"

"ਉਹ ਸਾਡੇ ਤੋਂ 52 ਫੀਸਦੀ ਚਾਰਜ ਕਰ ਰਹੇ ਹਨ। ਤੁਸੀਂ ਸਮਝ ਰਹੇ ਹੋ... ਇਸ ਲਿਹਾਜ਼ ਨਾਲ ਅਸੀਂ ਉਨ੍ਹਾਂ ਤੋਂ ਸਾਲਾਂ ਅਤੇ ਦਹਾਕਿਆਂ ਤੋਂ ਲਗਭਗ ਨਾ ਦੇ ਬਰਾਬਰ ਚਾਰਜ ਕਰ ਰਹੇ ਹਾਂ।''

## 2. ਕਦੋਂ ਲਾਗੂ ਹੋਣਗੇ ਟੈਰਿਫ?

ਵਿਦੇਸ਼ਾਂ ਵਿੱਚ ਬਣੀਆਂ ਸਾਰੀਆਂ ਆਟੋਮੋਬਾਈਲਜ਼ 'ਤੇ 25 ਫੀਸਦੀ ਟੈਰਿਫ ਲਗਾਇਆ ਗਿਆ ਹੈ, ਜੋ ਕਿ ਅਮਰੀਕੀ ਸਮੇਂ ਅਨੁਸਾਰ ਅੱਜ ਰਾਤ (ਬੁੱਧਵਾਰ-ਵੀਰਵਾਰ ਅੱਧੀ ਰਾਤ) 12:01 ਵਜੇ ਤੋਂ ਲਾਗੂ ਹੋਵੇਗਾ।

ਇਸ ਤੋਂ ਇਲਾਵਾ, ਅਮਰੀਕੀ ਸਮੇਂ ਅਨੁਸਾਰ 5 ਅਪ੍ਰੈਲ ਨੂੰ ਸਵੇਰੇ 12:01 ਵਜੇ ਤੋਂ ਸਾਰੇ ਦੇਸ਼ਾਂ 'ਤੇ 10 ਫੀਸਦੀ ਦਾ ਬੇਸਲਾਈਨ ਟੈਰਿਫ ਲਾਗੂ ਹੋ ਜਾਵੇਗਾ।

ਜਦੋਂ ਕਿ 10 ਫੀਸਦੀ ਤੋਂ ਵੱਧ ਟੈਰਿਫ 9 ਅਪ੍ਰੈਲ ਨੂੰ ਅਮਰੀਕੀ ਸਮੇਂ ਅਨੁਸਾਰ 12:01 ਵਜੇ ਤੋਂ ਲਾਗੂ ਹੋਣਗੇ।

## 3. ਸ਼ੇਅਰ ਬਾਜ਼ਾਰ 'ਤੇ ਅਸਰ

ਟਰੰਪ ਦੇ 'ਛੋਟ ਵਾਲੇ ਰਿਸਪ੍ਰੋਸੀਕਲ ਟੈਰਿਫ' ਨਾਲ ਦੁਨੀਆਂ ਭਰ ਵਿੱਚ ਆਰਥਿਕ ਉਥਲ-ਪੁਥਲ ਹੋਣ ਦਾ ਅਨੁਮਾਨ ਹੈ।

ਟੈਰਿਫ ਦੇ ਐਲਾਨ ਤੋਂ ਬਾਅਦ, ਏਸ਼ੀਆ-ਪ੍ਰਸ਼ਾਂਤ ਦੇਸ਼ਾਂ ਦੇ ਸ਼ੇਅਰ ਬਾਜ਼ਾਰਾਂ ਵਿੱਚ ਗਿਰਾਵਟ ਦੇਖਣ ਨੂੰ ਮਿਲੀ ਹੈ।

ਜਪਾਨ ਦਾ ਸ਼ੇਅਰ ਬਾਜ਼ਾਰ ਚਾਰ ਫੀਸਦੀ ਡਿੱਗਿਆ ਹੈ, ਜਦਕਿ ਆਸਟ੍ਰੇਲੀਆ ਦਾ ਬਾਜ਼ਾਰ ਦੋ ਫੀਸਦੀ ਡਿੱਗਿਆ ਹੈ।

ਦੂਜੇ ਪਾਸੇ, ਟਰੰਪ ਦੇ ਟੈਰਿਫ ਦਾ ਪ੍ਰਭਾਵ ਸੋਨੇ ਦੀ ਕੀਮਤ 'ਤੇ ਵੀ ਦੇਖਿਆ ਗਿਆ ਹੈ। ਸੋਨੇ ਦੀ ਕੀਮਤ ਰਿਕਾਰਡ ਉਚਾਈ 'ਤੇ ਪਹੁੰਚ ਗਈ ਹੈ।

## 4. ਕਿਹੜੇ ਦੇਸ਼ਾਂ 'ਤੇ 10 ਫੀਸਦੀ ਦਾ ਬੇਸਲਾਈਨ ਟੈਰਿਫ?

ਟਰੰਪ ਦੇ ਭਾਸ਼ਣ ਤੋਂ ਪਹਿਲਾਂ, ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਰਾਸ਼ਟਰਪਤੀ ਟਰੰਪ ਸਾਰੇ ਦੇਸ਼ਾਂ 'ਤੇ 10 ਫੀਸਦੀ ਦਾ ਬੇਸਲਾਈਨ ਟੈਰਿਫ ਲਗਾਉਣਗੇ।

ਟਰੰਪ ਨੇ ਕੁਝ ਦੇਸ਼ਾਂ 'ਤੇ ਸਿਰਫ਼ ਬੇਸਲਾਈਨ ਟੈਰਿਫ ਹੀ ਲਗਾਏ ਹਨ, ਜਦਕਿ ਕੁਝ ਦੇਸ਼ਾਂ 'ਤੇ ਇਸ ਤੋਂ ਜ਼ਿਆਦਾ ਟੈਰਿਫ ਲਗਾਏ ਗਏ ਹਨ।

**ਬੇਸਲਾਈਨ ਟੈਰਿਫ ਵਾਲੇ ਦੇਸ਼:**

- ਬ੍ਰਿਟੇਨ
- ਸਿੰਗਾਪੁਰ
- ਬ੍ਰਾਜ਼ੀਲ
- ਆਸਟ੍ਰੇਲੀਆ
- ਨਿਊਜ਼ੀਲੈਂਡ
- ਤੁਰਕੀ
- ਕੋਲੰਬੀਆ
- ਅਰਜਨਟੀਨਾ
- ਐਲ ਸੈਲਵਾਡੋਰ
- ਸੰਯੁਕਤ ਅਰਬ ਅਮੀਰਾਤ (ਯੂਏਈ)
- ਸਊਦੀ ਅਰਬ

## 5. ਸਭ ਤੋਂ ਵੱਧ ਟੈਰਿਫ ਕਿਨ੍ਹਾਂ ਦੇਸ਼ਾਂ 'ਤੇ?

ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਅਮਰੀਕਾ ਲਗਭਗ 60 ਦੇਸ਼ਾਂ 'ਤੇ ਖਾਸ ਰੈਸੀਪ੍ਰੋਕਲ ਟੈਰਿਫ ਲਗਾਏਗਾ'। ਇਸਦਾ ਮਤਲਬ ਹੈ ਕਿ ਇਨ੍ਹਾਂ ਦੇਸ਼ਾਂ 'ਤੇ ਸਭ ਤੋਂ ਵੱਧ ਟੈਰਿਫ ਲਗਾਇਆ ਗਿਆ ਹੈ।

**ਖਾਸ ਰੈਸੀਪ੍ਰੋਕਲ ਟੈਰਿਫ ਵਾਲੇ ਕੁਝ ਦੇਸ਼:**

- ਯੂਰਪੀਅਨ ਯੂਨੀਅਨ (20%)
- ਚੀਨ (34%)
- ਵੀਅਤਨਾਮ (46%)
- ਥਾਈਲੈਂਡ (36%)
- ਜਪਾਨ (24%)
- ਕੰਬੋਡੀਆ (49%)
- ਦੱਖਣੀ ਅਫਰੀਕਾ (30%)
- ਤਾਈਵਾਨ (32%)

## 6. ਕੈਨੇਡਾ ਅਤੇ ਮੈਕਸੀਕੋ ਨੂੰ ਰਾਹਤ

ਇਨ੍ਹਾਂ ਨਵੇਂ ਟੈਰਿਫ ਐਲਾਨਾਂ ਵਿੱਚ ਕੈਨੇਡਾ ਅਤੇ ਮੈਕਸੀਕੋ ਦਾ ਜ਼ਿਕਰ ਨਹੀਂ ਹੈ।

ਵ੍ਹਾਈਟ ਹਾਊਸ ਨੇ ਕਿਹਾ ਕਿ ਉਹ ਇਨ੍ਹਾਂ ਦੇਸ਼ਾਂ ਨਾਲ ਪਿਛਲੇ ਆਦੇਸ਼ਾਂ ਵਿੱਚ ਨਿਰਧਾਰਿਤ ਕੀਤੇ ਗਏ ਢਾਂਚੇ ਦੇ ਤਹਿਤ ਹੀ ਕੰਮ ਕਰਨਗੇ।

ਉਨ੍ਹਾਂ ਆਦੇਸ਼ਾਂ ਵਿੱਚ ਕੈਨੇਡਾ ਅਤੇ ਮੈਕਸੀਕੋ 'ਤੇ ਫੈਂਟਾਨਿਲ ਅਤੇ ਸਰਹੱਦ ਨਾਲ ਸਬੰਧਤ ਮੁੱਦਿਆਂ ਨੂੰ ਕਾਰਨ ਦੱਸਦੇ ਹੋਏ, ਟੈਰਿਫ ਲਗਾਇਆ ਗਿਆ ਹੈ।

ਉਸ ਵੇਲੇ ਟਰੰਪ ਨੇ ਦੋਵਾਂ ਦੇਸ਼ਾਂ 'ਤੇ 25 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ ਪਰ ਬਾਅਦ ਵਿੱਚ ਇਸਨੂੰ ਘਟਾ ਦਿੱਤਾ ਸੀ।

ਟਰੰਪ ਕੈਨੇਡਾ ਅਤੇ ਮੈਕਸੀਕੋ 'ਤੇ ਟੈਰਿਫ ਰੋਕਣ ਲਈ ਸਹਿਮਤ ਹੋਏ ਹਨ।

## 7. ਆਟੋ ਦਰਾਮਦ 'ਤੇ 25 ਫੀਸਦੀ ਟੈਕਸ

ਇਸ ਤੋਂ ਇਲਾਵਾ, ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਕਿ ਅਮਰੀਕਾ, ਵਿਦੇਸ਼ਾਂ ਵਿੱਚ ਬਣੇ ਵਾਹਨਾਂ 'ਤੇ 25 ਫੀਸਦੀ ਟੈਰਿਫ ਲਗਾ ਰਿਹਾ ਹੈ।

ਇਹ ਟੈਕਸ ਲਗਭਗ ਤੁਰੰਤ, 3 ਅਪ੍ਰੈਲ ਦੀ ਅੱਧੀ ਰਾਤ ਤੋਂ ਲਾਗੂ ਹੋ ਜਾਵੇਗਾ।

ਟਰੰਪ ਦੇ ਇਸ ਐਲਾਨ ਦਾ ਸਭ ਤੋਂ ਵੱਧ ਅਸਰ ਅਮਰੀਕੀ ਕਾਰਾਂ 'ਤੇ ਹੀ ਪੈਣ ਵਾਲਾ ਹੈ। ਅਮਰੀਕਾ ਵੱਡੀ ਗਿਣਤੀ ਵਿੱਚ ਕਾਰਾਂ ਦਰਾਮਦ ਕਰਦਾ ਹੈ ਅਤੇ ਹੁਣ ਉਨ੍ਹਾਂ ਦੀਆਂ ਕੀਮਤਾਂ ਵਧ ਜਾਣਗੀਆਂ।

## 8. ਅਮਰੀਕਾ ਵਿੱਚ ਇਹ ਚੀਜ਼ਾਂ ਹੋਣਗੀਆਂ ਮਹਿੰਗੀਆਂ

ਟੈਰਿਫ ਦੇ ਐਲਾਨ ਦਾ ਸਭ ਤੋਂ ਵੱਡਾ ਪ੍ਰਭਾਵ ਕਾਰਾਂ 'ਤੇ ਪਵੇਗਾ। ਇੱਕ ਅੰਦਾਜ਼ੇ ਅਨੁਸਾਰ, ਬਹੁਤ ਸਾਰੀਆਂ ਕਾਰਾਂ 4,000 ਡਾਲਰ ਤੋਂ 10,000 ਡਾਲਰ ਤੱਕ ਮਹਿੰਗੀਆਂ ਹੋ ਜਾਣਗੀਆਂ।

ਫਿਲਹਾਲ ਅਮਰੀਕਾ ਵਿੱਚ ਬੀਅਰ, ਵਿਸਕੀ ਅਤੇ ਟਕੀਲਾ ਵਰਗੇ ਡ੍ਰਿੰਕ ਵੀ ਮਹਿੰਗੇ ਹੋ ਜਾਣਗੇ। ਮੈਕਸੀਕੋ ਤੋਂ ਆਉਣ ਵਾਲੀ ਮੋਡੇਲੋ ਅਤੇ ਕੋਰੋਨਾ ਵਰਗੇ ਬੀਅਰ ਬ੍ਰਾਂਡ ਹੁਣ ਅਮਰੀਕਾ ਵਿੱਚ ਮਹਿੰਗੇ ਹੋ ਜਾਣਗੇ।

ਟਰੰਪ ਨੇ ਯੂਰਪੀਅਨ ਯੂਨੀਅਨ ਤੋਂ ਆਉਣ ਵਾਲੀ ਵਾਈਨ 'ਤੇ ਵੀ 200 ਫੀਸਦੀ ਟੈਰਿਫ ਲਗਾਇਆ ਹੈ। ਇਸ ਕਾਰਨ ਸ਼ੈਂਪੇਨ ਜਾਂ ਜਰਮਨ ਬੀਅਰ ਆਦਿ ਮਹਿੰਗੇ ਹੋ ਜਾਣਗੇ।

ਇਸ ਤੋਂ ਇਲਾਵਾ,ਅਮਰੀਕਾ ਵਿੱਚ ਈਂਧਨ, ਮੇਪਲ ਸਿਰਪ, ਐਵੋਕਾਡੋ ਆਦਿ ਵੀ ਮਹਿੰਗੇ ਹੋ ਜਾਣਗੇ।

## 9. ਦੁਨੀਆਂ ਦੇ ਆਗੂਆਂ ਦੀ ਕੀ ਰਹੀ ਪ੍ਰਤੀਕਿਰਿਆ?

ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨੇ ਅਮਰੀਕੀ ਟੈਰਿਫਾਂ ਨੂੰ 'ਗਲਤ' ਦੱਸਿਆ ਹੈ ਅਤੇ ਕਿਹਾ ਹੈ ਕਿ ਇਸ ਨਾਲ ਵਪਾਰ ਯੁੱਧ ਸ਼ੁਰੂ ਹੋ ਸਕਦਾ ਹੈ।

ਉਨ੍ਹਾਂ ਇੱਕ ਬਿਆਨ ਵਿੱਚ ਕਿਹਾ, "ਅਸੀਂ ਅਮਰੀਕਾ ਨਾਲ ਸਮਝੌਤਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਇਸਦਾ ਉਦੇਸ਼ ਉਸ ਵਪਾਰ ਯੁੱਧ ਨੂੰ ਰੋਕਣਾ ਹੈ ਜੋ ਪੱਛਮੀ ਦੇਸ਼ਾਂ ਨੂੰ ਕਮਜ਼ੋਰ ਕਰੇਗਾ।"

ਇਸ ਦੌਰਾਨ, ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਕਿਹਾ ਕਿ ਟੈਰਿਫ "ਅਚਾਨਕ ਨਹੀਂ" ਹਨ ਪਰ ਇਹ "ਪੂਰੀ ਤਰ੍ਹਾਂ ਗੈਰ-ਵਾਜਬ" ਹਨ।

ਉਨ੍ਹਾਂ ਕਿਹਾ, "ਟੈਰਿਫਾਂ ਦਾ ਐਲਾਨ ਕਰਨ ਪਿੱਛੇ ਕੋਈ ਤਰਕ ਨਹੀਂ ਹੈ। ਇਹ ਆਸਟ੍ਰੇਲੀਆ ਅਤੇ ਅਮਰੀਕਾ ਵਿਚਕਾਰ ਸਾਂਝੇਦਾਰੀ ਦੇ ਵਿਰੁੱਧ ਹਨ। ਇਹ ਕਿਸੇ ਦੋਸਤ ਦਾ ਕੰਮ ਨਹੀਂ ਹੈ।"

## 10. ਅਮਰੀਕਾ ਦੀ ਚੇਤਾਵਨੀ - ਪਲਟਵਾਰ ਕਰਨ ਬਾਰੇ ਨਾ ਸੋਚਣਾ

ਅਮਰੀਕਾ ਦੇ ਖਜ਼ਾਨਾ ਸਕੱਤਰ ਸਕਾਟ ਵੇਸੈਂਟ ਨੇ ਚੇਤਾਵਨੀ ਦਿੱਤੀ ਹੈ ਕਿ ਕਿਸੇ ਵੀ ਦੇਸ਼ ਨੂੰ ਟੈਰਿਫ ਦੇ ਜਵਾਬ ਵਿੱਚ ਕੋਈ ਵੀ ਦੇਸ਼ ਅਮਰੀਕਾ 'ਤੇ ਟੈਰਿਫ ਲਗਾਉਣ ਦਾ ਐਲਾਨ ਨਾ ਕਰੇ।

ਵੇਸੈਂਟ ਨੇ ਅਮਰੀਕੀ ਨਿਊਜ਼ ਚੈਨਲ ਫੌਕਸ ਨਿਊਜ਼ ਨੂੰ ਦੱਸਿਆ, "ਸਾਰੇ ਦੇਸ਼ਾਂ ਨੂੰ ਮੇਰੀ ਸਲਾਹ ਹੈ ਕਿ ਉਹ ਪਲਟਵਾਰ ਨਾ ਕਰਨ। ਆਰਾਮ ਨਾਲ ਬੈਠੋ, ਦੇਖਦੇ ਹਾਂ ਅੱਗੇ ਕੀ ਹੁੰਦਾ ਹੈ। ਪਰ ਜੇਕਰ ਤੁਸੀਂ ਪਲਟਵਾਰ ਕੀਤਾ ਤਾਂ ਫਿਰ ਗੱਲ ਵਧ ਜਾਵੇਗੀ।''

# ਲਾਲਜੀਤ ਸਿੰਘ ਭੁੱਲਰ ਦੇ ਭਰੋਸੇ ਮਗਰੋਂ ਯੂਨੀਅਨ ਨੁਮਾਇੰਦਿਆਂ ਵੱਲੋਂ ਹੜਤਾਲ ਮੁਲਤਵੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਪੰਜਾਬ ਰੋਡਵੇਜ਼ ਪਨਬੱਸ/ਪੀ.ਆਰ.ਟੀ.ਸੀ. ਕੰਟਰੈਕਟ ਅਤੇ ਆਊਟਸੋਰਸਿੰਗ ਵਰਕਰਜ਼ ਯੂਨੀਅਨਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਰੋਡਵੇਜ਼ ਪਨਬੱਸ/ਪੀ.ਆਰ.ਟੀ.ਸੀ. ਵਿੱਚ ਕੰਮ ਕਰ ਰਹੇ ਮੁਲਾਜ਼ਮਾਂ ਦੀਆਂ ਸੇਵਾਵਾਂ ਕਾਨੂੰਨ ਅਨੁਸਾਰ ਪੱਕਾ ਕਰਨ ਅਤੇ ਤਨਖ਼ਾਹਾਂ ਵਿੱਚ ਇਕਸਾਰਤਾ ਲਿਆਉਣ ਅਤੇ ਉਨ੍ਹਾਂ ਦੀਆਂ ਤਨਖ਼ਾਹਾਂ ਵਿੱਚ ਬਣਦਾ ਵਾਧਾ ਲਾਗੂ ਕਰਨ ਸਬੰਧੀ ਕਾਰਵਾਈ ਤੇਜ਼ੀ ਨਾਲ ਚੱਲ ਰਹੀ ਹੈ। ਇਸ ਮੁਲਾਕਾਤ ਉਪਰੰਤ ਪੰਜਾਬ ਰੋਡਵੇਜ਼ ਪਨਬੱਸ/ਪੀ.ਆਰ.ਟੀ.ਸੀ. ਦੇ ਕੰਟਰੈਕਟ ਵਰਕਰਜ਼ ਯੂਨੀਅਨਾਂ ਦੇ ਨੁਮਾਇੰਦਿਆਂ ਵੱਲੋਂ 7 ਅਪਰੈਲ ਤੋਂ 9 ਅਪਰੈਲ ਤੱਕ ਐਲਾਨੀ ਹੜਤਾਲ ਮੁਲਤਵੀ ਕਰ ਦਿੱਤੀ ਗਈ ਹੈ।

ਅੱਜ ਇਥੇ ਸਕੱਤਰੇਤ ਵਿਖੇ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਭੁੱਲਰ ਨੇ ਦੱਸਿਆ ਕਿ ਕੰਟਰੈਕਚੁਅਲ ਅਤੇ ਆਊਟਸੋਰਸਿੰਗ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਪੜਾਅਵਾਰ ਢੰਗ ਨਾਲ ਕਾਨੂੰਨੀ ਪ੍ਰਕਿਰਿਆ ਅਪਣਾ ਕੇ ਪੱਕਾ ਕਰਨ, ਤਨਖ਼ਾਹਾਂ ਵਿੱਚ ਇਕਸਾਰਤਾ ਅਤੇ ਵਾਧੇ ਦੇ ਮਾਮਲੇ ਸਮਬੱਧ ਤਰੀਕੇ ਨਾਲ ਹੱਲ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਉਹ ਇਨ੍ਹਾਂ ਮਾਮਲਿਆਂ ਦੇ ਹੱਲ ਲਈ ਅਗਲੇ ਹਫਤੇ ਨਿੱਜੀ ਤੌਰ 'ਤੇ ਐਡਵੋਕੇਟ ਜਨਰਲ ਅਤੇ ਵਿੱਤ ਮੰਤਰੀ ਕੋਲ ਇਹ ਮਾਮਲਾ ਉਠਾਉਣਗੇ।

ਇਸੇ ਤਰ੍ਹਾਂ ਠੇਕੇਦਾਰ ਵੱਲੋਂ ਈ.ਪੀ.ਐਫ. ਅਤੇ ਈ.ਐਸ. ਆਈ ਦੀ ਬਣਦੀ ਰਕਮ ਸਬੰਧਤ ਅਦਾਰਿਆਂ ਵਿੱਚ ਜਮ੍ਹਾਂ ਕਰਾਉਣ ਵਿੱਚ ਦੇਰੀ ਦਾ ਮਾਮਲਾ ਛੇਤੀ ਹੱਲ ਕਰਨ ਲਈ ਵਿਭਾਗੀ ਅਧਿਕਾਰੀਆਂ ਨੂੰ ਆਦੇਸ਼ ਦਿੱਤੇ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਯਕੀਨੀ ਬਣਾਉਣ ਕਿ ਅੱਗੇ ਤੋਂ ਠੇਕੇਦਾਰ ਕੋਈ ਅਜਿਹੀ ਅਣਗਹਿਲੀ ਨਾ ਕਰੇ ਜਿਸ ਨਾਲ ਮੁਲਾਜ਼ਮਾਂ ਨੂੰ ਤਨਖ਼ਾਹਾਂ ਆਦਿ ਲੈਣ ਵਿੱਚ ਦਿੱਕਤ ਪੇਸ਼ ਆਵੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਬਾਕੀ ਮੰਗਾਂ 'ਤੇ ਵੀ ਤੇਜ਼ੀ ਨਾਲ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਵਰਗ ਦੀ ਭਲਾਈ ਯਕੀਨੀ ਬਣਾ ਰਹੀ ਹੈ।

# ਚਿੱਟੇ ਨਾਲ ਫੜ੍ਹੀ ਗਈ ਮਹਿਲਾ ਕਾਂਸਟੇਬਲ ਨੂੰ ਨੌਕਰੀ ਤੋਂ ਕੀਤਾ ਬਰਖਾਸਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਬੀਤੇ ਕੱਲ੍ਹ ਹੈਰੋਇਨ ਸਮੇਤ ਬਠਿੰਡਾ ਪੁਲਿਸ ਵੱਲੋਂ ਗ੍ਰਿਫਤਾਰ ਕੀਤੀ ਗਈ ਪੰਜਾਬ ਪੁਲਿਸ ਦੀ ਕਾਂਸਟੇਬਲ ਅਮਨਦੀਪ ਕੌਰ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਉਤੇ ਐਸ ਐਸ ਪੀ ਮਾਨਸਾ ਵੱਲੋਂ ਆਰਟੀਕਲ 311 ਤਹਿਤ ਇਹ ਕਾਰਵਾਈ ਕੀਤੀ ਗਈ ਹੈ। ਅਮਨਦੀਪ ਕੌਰ ਪੇਟੀ ਨੰਬਰ 621 ਮਾਨਸਾ ਜ਼ਿਲ੍ਹੇ ਵਿੱਚ ਤੈਨਾਤ ਸੀ, ਪ੍ਰੰਤੂ ਆਰਜ਼ੀ ਤੌਰ ਉਤੇ ਬਠਿੰਡਾ ਵਿੱਚ ਡਿਊਟੀ ਕਰ ਰਹੀ ਸੀ। ਬੀਤੇ ਕੱਲ੍ਹ ਲਾਡਲੀ ਚੌਂਕ ਦੇ ਨੇੜੇ ਉਸ ਨੂੰ 17 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ



ਕੀਤਾ ਗਿਆ ਸੀ।

# 20,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਸਬ-ਇੰਸਪੈਕਟਰ ਅਤੇ ਉਸਦੇ ਸਾਥੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਭ੍ਰਿਸ਼ਟਾਚਾਰ ਵਿਰੁੱਧ ਆਪਣੀ ਨਾ-ਕਾਬਿਲ-ਏ-ਬਰਦਾਸ਼ਤ ਪਹੁੰਚ ਨੂੰ ਜਾਰੀ ਰੱਖਦੇ ਹੋਏ, ਪੰਜਾਬ ਵਿਜੀਲੈਂਸ ਬਿਊਰੋ ਨੇ ਇੱਕ ਸਬ-ਇੰਸਪੈਕਟਰ ਅਤੇ ਉਸਦੇ ਸਾਥੀ ਪ੍ਰਾਈਵੇਟ ਆਪਰੇਟਰ ਨੂੰ 20,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਾਇਨਾਤ ਪੁਲਿਸ ਚੌਕੀ ਇੰਚਾਰਜ ਸਬ -ਇੰਸਪੈਕਟਰ ਸਰਵਣ ਸਿੰਘ ਅਤੇ ਉਸਦੇ ਸਾਥੀ ਪ੍ਰਦੀਪ ਸਿੰਘ ਪ੍ਰਾਈਵੇਟ ਆਪਰੇਟਰ ਵਜੋਂ ਹੋਈ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਵੇਂ ਮੁਲਜ਼ਮਾਂ ਵਿਰੁੱਧ ਕੁਲਦੀਪ ਸਿੰਘ ਵਾਸੀ ਮਠੇਰੇ ਪਿੰਡ ,ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਦਰਜ ਕਰਵਾਈ ਸ਼ਿਕਾਇਤ ਤੋਂ ਬਾਅਦ ਕੇਸ ਦਰਜ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਦੱਸਿਆ ਹੈ ਕਿ ਸਬ-ਇੰਸਪੈਕਟਰ ਨੇ ਉਸਦੇ ਭਰਾ ਵਿਰੁੱਧ ਦਰਜ ਮੁਕੱਦਮੇ ਵਿੱਚ ਸ਼ਿਕਾਇਤਕਰਤਾ ਦੀ ਮਦਦ ਕਰਨ ਲਈ 50,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ ਅਤੇ ਆਪਣੇ ਪ੍ਰਾਈਵੇਟ ਆਪਰੇਟਰ ਪ੍ਰਦੀਪ ਸਿੰਘ ਰਾਹੀਂ 20000 ਰੁਪਏ ਮੌਕੇ 'ਤੇ ਹੀ ਲੈ ਲਏ ਸਨ । ਜਦੋਂ ਮੁਲਜ਼ਮ ਵੱਲੋਂ ਬਾਕੀ ਰਕਮ ਦੀ ਮੰਗ ਕੀਤੀ ਗਈ ਤਾਂ ਸ਼ਿਕਾਇਤਕਰਤਾ ਨੇ ਉਸਦੀ ਵੀਡੀਓ ਵੀ ਰਿਕਾਰਡ ਕਰ ਲਈ ਸੀ ।

ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸਬੰਧ ਵਿੱਚ ਦੋਵਾਂ ਮੁਲਜ਼ਮਾਂ ਵਿਰੁੱਧ ਪੀ.ਸੀ. (ਸੋਧ) ਮੁਤਾਬਿਕ ਸੋਧੇ ਐਕਟ 2018 ਅਧੀਨ ਭ੍ਰਿਸ਼ਟਾਚਾਰ ਰੋਕੂ ਕਾਨੂੰਨ 1988 ਦੀ ਧਾਰਾ 7 ਦੇ ਤਹਿਤ, ਫਿਰੋਜ਼ਪੁਰ ਦੇ ਵੀ.ਬੀ. ਰੇਂਜ ਪੁਲਿਸ ਸਟੇਸ਼ਨ



ਵਿਖੇ ਕੇਸ ਦਰਜ ਕੀਤਾ ਗਿਆ ਹੈ। ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

# 'ਯੁੱਧ ਨਸ਼ਿਆਂ ਵਿਰੁੱਧ': 34ਵੇਂ ਦਿਨ, ਪੰਜਾਬ ਪੁਲਿਸ ਨੇ 52 ਨਸ਼ਾ ਤਸਕਰਾਂ ਨੂੰ ਕੀਤਾ ਗ੍ਰਿਫ਼ਤਾਰ

## 87 ਗਜ਼ਟਿਡ ਰੈਂਕ ਅਧਿਕਾਰੀਆਂ ਦੀ ਅਗਵਾਈ ਹੇਠ 200 ਤੋਂ ਵੱਧ ਪੁਲਿਸ ਟੀਮਾਂ ਨੇ 449 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ: ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



ਚੰਡੀਗੜ੍ਹ: ਸੂਬੇ ਵਿੱਚੋਂ ਨਸ਼ੇ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ 34ਵੇਂ ਦਿਨ, ਪੰਜਾਬ ਪੁਲਿਸ ਨੇ ਵੀਰਵਾਰ ਨੂੰ 52 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 5.6 ਕਿਲੋ ਹੈਰੋਇਨ, 3.2 ਕਿਲੋ ਅਫੀਮ ਅਤੇ 1.93 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਦੇ ਨਾਲ, ਮਹਿਜ਼ 34 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 4817 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ । ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ, ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 416 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੌਰਾਨ ਰਾਜ ਭਰ ਵਿੱਚ 34 ਐਫਆਈਆਰਜ਼ ਦਰਜ ਕੀਤੀਆਂ ਗਈਆਂ । ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 449 ਸ਼ੱਕੀ ਵਿਅਕਤੀਆਂ ਦੀ ਵੀ ਚੈਕਿੰਗ ਕੀਤੀ ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ, ਜਿਸਦੇ ਨਾਲ ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਤਿੰਨ ਵਿਅਕਤੀਆਂ ਨੂੰ ਨਸ਼ਾ ਛਡਾਊ ਅਤੇ ਮੁੜ ਵਸੇਬੇ ਲਈ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# BKU ਕ੍ਰਾਂਤੀਕਾਰੀ ਦੀ ਸੂਬਾ ਕਮੇਟੀ ਦੀ ਮੀਟਿੰਗ 'ਚ ਕਿਸਾਨ ਘੋਲ ਨੂੰ ਤੇਜ਼ ਕਰਨ ਦਾ ਅਹਿਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



ਅੱਜ ਇੱਥੇ ਗੁਰਦੁਆਰਾ ਸੱਯਦ ਕਬੀਰ ਜੀ ਵਿਖੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਸੂਬਾ ਕਮੇਟੀ ਦੀ ਮੀਟਿੰਗ ਚੇਅਰਮੈਨ ਸੁਰਜੀਤ ਸਿੰਘ ਫੂਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਦੀ ਕਾਰਵਾਈ ਰਿਪੋਰਟ ਸੂਬਾ ਪ੍ਰੈਸ ਸਕੱਤਰ ਡਾ ਜਰਨੈਲ ਸਿੰਘ ਕਾਲੇਕੇ ਨੇ ਜਾਰੀ ਕਰਦਿਆਂ ਦਸਿਆ ਕਿ ਪਿਛਲੇ ਦਿਨਾਂ ਵਿੱਚ ਕਿਸਾਨਾਂ ਤੇ ਕੀਤੇ ਜਬਰ ਤੇ ਗੰਭੀਰ ਵਿਚਾਰ ਚਰਚਾ ਹੋਈ ਮੀਟਿੰਗ ਵਿੱਚ ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ ਨੇ ਕਿਹਾ ਕਿ

19 ਮਾਰਚ 2025 ਕੇਦਰੀ ਮੰਤਰੀਆਂ ਨਾਲ ਗੱਲਬਾਤ ਤੋਂ ਬਾਅਦ ਪੰਜਾਬ ਪੁਲਿਸ ਵੱਲੋ ਕਿਸਾਨ ਆਗੂਆਂ ਨੂੰ ਧੋਖੇ ਨਾਲ ਗ੍ਰਿਫਤਾਰ ਕਰਨਾ, ਸੰਭੂ ਅਤੇ ਖੰਨੌਰੀ ਬਾਡਰਾਂ ਉਪਰ ਚੱਲ ਰਹੇ ਧਰਨਿਆਂ ਉਪਰ ਬੁਲਡੋਜ਼ਰ ਚਲਾਕੇ ਕਿਸਾਨਾਂ ਦੇ ਰਹਿਣ ਬਸੇਰਿਆਂ ਨੂੰ ਤਬਾਹ ਕਰਨਾ, ਕਿਸਾਨਾਂ ਦੇ ਪੱਖੇ, ਕੂਲਰ, ਏਸੀ, ਐਲ ਸੀ ਡੀ, ਗੈਸ ਸੈਲੰਡਰ, ਗੈਸੀ ਚੁਲੇ, ਮੰਜੇ, ਬਿਸਤਰੇ, ਗੱਦੇ, ਖਾਣ ਪੀਣ ਦਾ ਸਮਾਨ ਅਤੇ ਲੰਗਰ ਲੁੱਟਣੇ, ਕਿਸਾਨਾਂ ਦੀਆਂ ਸੈਕੜੇ ਟਰੈਕਟਰ ਟਰਾਲੀਆਂ ਨੂੰ ਚੋਰੀ ਕਰਨਾ ਸਾਬਤ ਕਰਦਾ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ, ਕੇਦਰ ਦੀ ਮਿਲੀ ਭੁਗਤ ਨਾਲ ਕਿਸਾਨਾਂ ਤੇ ਕਿਸਾਨ ਮੋਰਚਿਆਂ ਨੂੰ ਜਬਰੀ ਪੁੱਟਣ, ਲੁੱਟਣ ਤੇ ਕੁੱਟਣ ਦੇ ਰਾਹ ਪੈ ਚੁੱਕੀ ਹੈ। ਉਸ ਵੱਲੋਂ ਪਹਿਲਾਂ 5 ਮਾਰਚ 2025 ਨੂੰ ਸੰਯੁਕਤ ਕਿਸਾਨ ਮੋਰਚੇ ਦੇ ਚੰਡੀਗੜ੍ਹ ਧਰਨੇ ਨੂੰ ਜਬਰੀ ਰੋਕਿਆਂ ਗਿਆ। ਤਿੰਨ ਮਾਰਚ ਨੂੰ ਕਿਸਾਨ ਆਗੂਆਂ ਨੂੰ ਮੀਟਿੰਗ ਵਿੱਚ ਬੁਲਾਕੇ ਬੇਇਜਤੀ ਕੀਤੀ ਗਈ। ਤਿੰਨ ਮਾਰਚ ਦੀ ਰਾਤ ਨੂੰ ਛਾਪੇ ਮਾਰ ਕੇ ਗ੍ਰਿਫਤਾਰ ਕੀਤਾ ਗਿਆ। ਇਸੇ ਤਰ੍ਹਾਂ ਹੀ ਸੰਭੂ ਤੇ ਖੰਨੌਰੀ ਅਪਰੇਸ਼ਨ ਦੋਰਾਨ ਸੈਕੜੇ ਕਿਸਾਨ ਆਗੂਆਂ, ਵਰਕਰਾਂ ਨੂੰ ਬਾਡਰਾਂ ਅਤੇ ਪਿੰਡਾਂ ਵਿਚੋਂ ਗ੍ਰਿਫਤਾਰ ਕੀਤਾ ਗਿਆ। ਭਗਵੰਤ ਮਾਨ – ਕੇਜਰੀਵਾਲ ਸਰਕਾਰ ਵਲੋਂ ਕਿਸਾਨ ਮੋਰਚਿਆਂ ਤੇ ਕਿਸਾਨਾਂ ਨੂੰ ਲੁੱਟਣ, ਕੁੱਟਣ ਤੇ ਜਬਰੀ ਪੁੱਟਣ ਦੀ ਨੀਤੀ ਲਾਗੂ ਕਰਨ ਤੋਂ ਪਹਿਲਾਂ ਲੋਕਾਂ ਅੰਦਰ ਕਿਸਾਨ ਲਹਿਰ ਨੂੰ ਬਦਨਾਮ ਕਰਨ ਲਈ ਇੱਕ ਚਹੇਤੇ ਪੱਤਰਕਾਰ ਰਾਹੀ ਕਿਸਾਨ ਲਹਿਰ ਤੇ ਕਿਸਾਨ ਆਗੂਆਂ ਉਪਰ ਸਿਆਸੀ ਹਮਲਾ ਕਰਵਾਇਆਂ ਗਿਆ। ਕਿਸਾਨ ਜਥੇਬੰਦੀਆਂ ਤੇ ਕਾਰਖਾਨੇਦਾਰਾਂ, ਕਿਸਾਨ ਜਥੇਬੰਦੀਆਂ ਤੇ ਵਪਾਰੀਆਂ, ਕਿਸਾਨ ਜਥੇਬੰਦੀਆਂ ਅਤੇ ਸਥਾਨਕ ਲੋਕਾਂ ਦਾ ਟਕਰਾਅ ਪੈਦਾ ਕਰਨ ਦਾ ਯਤਨ ਕੀਤਾ ਗਿਆ। ਹਿੰਦੂ ਵੋਟਾਂ ਦੀ ਪਾਲਾਬੰਦੀ ਲਈ ਕਿਸਾਨ ਜਥੇਬੰਦੀਆਂ ਅਤੇ ਕਿਸਾਨ ਮੋਰਚਿਆਂ ਨੂੰ ਵਿਕਾਸ ਤੇ ਨਿਵੇਸ ਵਿਰੋਧੀ ਸਾਬਤ ਕਰਨਦਾ ਯਤਨ ਕੀਤਾ ਗਿਆ। ਕਿਸਾਨ ਆਗੂਆਂ ਉਤੇ ਬਰਾਬਰ ਸਰਕਾਰ ਚਲਾਉਣ ਦੇ ਇਲਜਾਮ ਲਾਏ ਗਏ। ਪਿਛਲੇ ਸਮੇ ਅੰਦਰ ਭਗਵੰਤ ਮਾਨ – ਕੇਜਰੀਵਾਲ ਸਰਕਾਰ ਵਲੋਂ ਮੁੱਖ ਮੰਤਰੀ ਦੀ ਕੋਠੀ ਮੂਹਰੇ ਮੁਜਾਹਰਾਂ ਕਰਦੇ ਮੁਲਾਜ਼ਮਾਂ ਦੇ ਨਿੱਤ ਪੁੜੇ ਸੇਕੇ ਜਾਦੇ ਹਨ। ਖੇਤ ਮਜ਼ਦੂਰ ਜਥੇਬੰਦੀਆਂ ਦੀਆਂ ਮੰਗਾਂ ਮੰਨਣੀਆਂ ਤਾ ਇੱਕ ਪਾਸੇ ਉਨ੍ਹਾਂ ਨੂੰ ਮੀਟਿੰਗ ਦੇਣ ਤੋ ਵੀ ਇਨਕਾਰ ਕੀਤਾ ਗਿਆ। ਕੁਲ ਮਿਲਾ ਕੇ ਭਗਵੰਤ ਮਾਨ ਸਰਕਾਰ ਲੋਕਾਂ ਨੂੰ ਕੋਈ ਰਾਹਤ ਦੇਣ ਦੀ ਥਾਂ ਉਨ੍ਹਾਂ ਦੇ ਘੋਲਾਂ ਨੂੰ ਲੁੱਟਣ, ਕੁੱਟਣ ਅਤੇ ਡੰਡੇ ਦੇ ਜੋਰ ਦਬਾਉਣ ਦੇ ਰਾਹ ਪੈ ਰਹੀ ਹੈ। ਭਗਵੰਤ ਮਾਨ – ਕੇਜਰੀਵਾਲ ਸਰਕਾਰ ਵੱਲੋਂ ਕਿਸਾਨ ਮੋਰਚਿਆਂ ਤੇ ਹਮਲਾ ਕਰ ਕੇ ਉਸ ਸਮੇਂ ਕਿਸਾਨ ਲਹਿਰ ਦਾ ਲੱਕ ਤੋੜਨ ਦਾ ਯਤਨ ਕੀਤਾ ਗਿਆ ਹੈ ਜਦੋ ਐਮ ਐਸ ਪੀ ਦੀ ਲੜਾਈ ਸਿਖਰ ਉੱਤੇ ਪਹੁੰਚੀ ਹੋਈ ਸੀ ਅਤੇ ਕੇਦਰੀ ਹਕੂਮਤ ਵੱਲੋ ਜਾਰੀ ਕੀਤੇ ਕੌਮੀ ਖੇਤੀ ਮੰਡੀਕਰਨ ਨੀਤੀ-ਖਰੜੇ ਉੱਤੇ ਲੜਾਈ ਦਾ ਪਿੜ ਬੱਝ ਰਿਹਾ ਸੀ। ਅਜਿਹੇ ਸਮੇਂ ਲੱਗੇ ਮੋਰਚਿਆਂ ਨੂੰ ਖਦੇੜਨਾ ਅਤੇ ਨਵਾ ਮੋਰਚਾ ਲੱਗਣ ਨਾ ਦੇਣਾ ਕੇਦਰੀ ਹਕੂਮਤ ਸਮੇਤ ਉਸ ਦੇ ਆਕਾ ਸਾਮਰਾਜੀ ਕਾਰਪੋਰੇਟਾਂ ਦੀ ਲੋੜ ਹੈ। ਜਿਸ ਉੱਤੇ ਭਗਵੰਤ ਮਾਨ – ਕੇਜਰੀਵਾਲ ਸਰਕਾਰ ਖਰਾ ਉਤਰ ਰਹੀ ਹੈ। ਉਹ ਆਪਣੇ ਲੋਕ ਵਿਰੋਧੀ ਅਮਲ ਰਾਹੀ ਇਹ ਸਾਬਤ ਕਰ ਰਹੀ ਹੈ ਕਿ ਸਰਕਾਰ ਆਮ ਆਦਮੀ ਦੀ ਨਹੀ, ਸਾਮਰਾਜੀ ਕਾਰਪੋਰੇਟਸ ਦੀ ਦਲਾਲ ਸਰਕਾਰ ਹੈ। ਇਹ ਲੋਕਾਂ ਦੀ ਕਚਹਿਰੀ ਅੰਦਰ ਲੋਕ ਦੁਸਮਣ ਵਜੋ ਨੰਗੀ ਹੋ ਰਹੀ ਹੈ। ਤਾਜਾ ਹਮਲੇ ਦੀ ਵੀ ਉਸ ਨੂੰ ਭਾਰੀ ਕੀਮਤ ਉਤਾਰਨੀ ਪੈ ਰਹੀ ਹੈ। ਕਿਸਾਨ ਇਸ ਭਰਮ ਭੁਲੇਖੇ ਵਿਚੋ ਨਿਕਲਣ ਕਿ ਮੋਦੀ ਹਕੂਮਤ ਹੀ ਕਿਸਾਨਾਂ ਦੀ ਦੁਸਮਣ ਹੈ, ਭਗਵੰਤ ਮਾਨ – ਕੇਜਰੀਵਾਲ ਸਰਕਾਰ ਜਾਂ ਉਸ ਦੀ ਅਫਸਰਸ਼ਾਹੀ ਨਹੀ। ਕਿਸਾਨ ਜਥੇਬੰਦੀਆਂ ਅਤੇ ਕਿਸਾਨ ਫੋਰਮਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਕਿਸੇ ਇੱਕ ਜਥੇਬੰਦੀ ਜਾ ਇੱਕ ਫੋਰਮ ਉੱਤੇ ਹਮਲਾ ਨਹੀ। ਇਹ ਸਮੂਹ ਜਥੇਬੰਦੀਆਂ ਸਮੂਹ ਫੋਰਮਾਂ ਉੱਤੇ ਹਮਲਾ ਹੈ। ਇਹ ਸਮੁੱਚੀ ਕਿਸਾਨ ਲਹਿਰ ਉੱਤੇ ਹਮਲਾ ਹੈ। ਇਸ ਨਾਲ ਹਕੂਮਤੀ ਹਮਲੇ ਵਿਰੁੱਧ ਸਮੁੱਚੀ ਕਿਸਾਨ ਲਹਿਰ ਅੱਗੇ ਆਵੇਗੀ। ਇੱਕ ਦੂਜੇ ਘੋਲ ਸੱਦਿਆ ਦੀ ਡਟਵੀਂ ਹਿਮਾਇਤ ਕਰਨੀ ਚਾਹੀਦੀ ਹੈ। ਜਿਸ ਦੇ ਆਸਰੇ ਮੁੜ ਸਾਝੇ ਘੋਲ ਲਈ ਜਮੀਨ ਤਿਆਰ ਕੀਤੀ ਜਾਵੇਗੀ।

ਆਗੂਆਂ ਮੰਗ ਕੀਤੀ ਕਿ

ਕੇਂਦਰ ਸਰਕਾਰ ਨਾਲ ਸਬੰਧਿਤ ਅੰਦੋਲਨ ਦੀਆਂ ਮੰਗਾਂ ਵਿੱਚ ਫ਼ਸਲਾਂ ਤੇ ਐਮ. ਐਸ. ਪੀ. ਗਰੰਟੀ ਕਾਨੂੰਨ, ਕਿਸਾਨ ਮਜ਼ਦੂਰ ਦੀ ਕਰਜ਼ ਮੁਕਤੀ, ਮਨਰੇਗਾ ਤਹਿਤ ਵੱਧ ਰੁਜਗਾਰ ਦੀ ਮੰਗ ਸਮੇਤ 12 ਮੰਗਾਂ ਦੇ ਜਲਦ ਹੱਲ ਕੀਤੇ ਜਾਣ। ਉਹਨਾ ਕਿਹਾ ਕਿ 19 ਮਾਰਚ ਨੂੰ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ, ਚਲਦੇ ਕਿਸਾਨੀ ਅੰਦੋਲਨ ਦੌਰਾਨ ਸ਼ੰਭੂ ਅਤੇ ਖਨੌਰੀ ਬਾਰਡਰ ਤੇ ਪੁਲਿਸ ਬਲ ਦੀ ਵਰਤੋਂ ਕਰਕੇ ਮੋਰਚੇ ਉਖਾੜਨ ਦੀ ਕਾਰਵਾਈ ਕਰਨ, ਕਾਰਨ ਹੋਏ ਹਰ ਤਰ੍ਹਾਂ ਦੇ ਮਾਲੀ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਦੁਆਰਾ ਕੀਤੀ ਜਾਵੇ ਅਤੇ ਟਰਾਲੀਆਂ ਜਾਂ ਹੋਰ ਸਮਾਨ ਚੋਰੀ ਹੋਣ ਦੇ ਇਸ ਸਾਰੇ ਘਟਨਾਕ੍ਰਮ ਦੇ ਪਿੱਛੇ ਸਾਜ਼ਿਸ਼ ਵਿੱਚ ਸ਼ਾਮਿਲ ਵਿਧਾਇਕ ਗੁਰਲਾਲ ਘਨੌਰ ਦੀ ਵਿਧਾਨ ਸਭਾ ਮੈਂਬਰਸ਼ਿਪ ਰੱਦ ਕੀਤੀ ਜਾਵੇ। ਪੁਲਿਸ ਵੱਲੋਂ ਮੋਰਚਿਆਂ ਤੇ ਕੀਤੇ ਤਸ਼ੱਦਦ ਵਿੱਚ ਆਮ ਕਿਸਾਨਾਂ ਮਜਦੂਰਾਂ ਦੀ ਕੁੱਟ ਮਾਰ ਅਤੇ ਕਿਸਾਨ ਆਗੂ ਬਲਵੰਤ ਸਿੰਘ ਬਹਿਰਾਮਕੇ ਤੇ 20 ਮਾਰਚ ਨੂੰ ਸ਼ੰਭੂ ਮੋਰਚੇ ਤੇ ਲਾਠੀਆਂ ਨਾਲ ਹਮਲਾ ਕਰਕੇ ਕੁੱਟਮਾਰ ਕਰਨ ਵਾਲੇ ਥਾਣਾ ਸ਼ੰਭੂ ਦੇ ਐਸ ਐਚ ਓ ਹਰਪ੍ਰੀਤ ਸਿੰਘ ਨੂੰ ਬਰਖਾਸਤ ਕੀਤਾ ਜਾਵੇ। ਉਹਨਾ ਕਿਹਾ ਕਿ ਸਰਕਾਰ ਦੀ ਸ਼ਹਿ ਤੇ ਜਿੰਨਾ ਸ਼ਰਾਰਤੀ ਅਨਸਰਾਂ ਵੱਲੋਂ ਸ਼ੰਭੂ ਖਨੌਰੀ ਤੇ ਚੋਰੀ-ਚਕਾਰੀ ਦੀਆਂ ਕਾਰਵਾਈਆਂ ਨੂੰ ਅੰਜ਼ਾਮ ਦਿੱਤਾ ਗਿਆ, ਅਜਿਹੇ ਅਨਸਰਾਂ ਤੇ ਤੁਰੰਤ ਬਣਦੀਆਂ ਧਾਰਾਵਾਂ ਤਹਿਤ ਪਰਚੇ ਦਰਜ ਕੀਤੇ ਜਾਣ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਚੇਅਰਮੈਨ ਸੁਰਜੀਤ ਸਿੰਘ ਫੂਲ, ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ, ਜਨਰਲ ਸਕੱਤਰ ਸੁਖਵਿੰਦਰ ਕੌਰ, ਲਾਲ ਸਿੰਘ ਗੋਲੇਵਾਲਾ, ਸਤਵੰਤ ਸਿੰਘ ਵਜੀਦਪੁਰ, ਜਰਨੈਲ ਸਿੰਘ ਕਾਲੇਕੇ, ਬਲਜੀਤ ਕੌਰ ਮੱਖੂ, ਗੁਰਦੀਪ ਸਿੰਘ ਵੈਰੋਕੇ ਮੀਤ ਪ੍ਰਧਾਨ, ਸਵਿੰਦਰਪਾਲ ਸਿੰਘ ਮਲੋਵਾਲ , ਹਰਚਰਨ ਸਿੰਘ ਤਾਮਕੋਟ, ਕੁਲਜਿੰਦਰ ਸਿੰਘ ਜੰਡਾਂਵਾਲਾ, ਸੂਰਜਭਾਨ, ਬਲਵੰਤ ਸਿੰਘ ਮਹਿਰਾਜ, ਅਵਤਾਰ ਸਿੰਘ ਫੇਰੂਕੇ,ਦਲਜੀਤ ਸਿੰਘ ਗਿੱਲ ਅੰਮ੍ਰਿਤਸਰ,ਗੁਰਪ੍ਰੀਤ ਸਿੰਘ ਫਰੀਦੇਵਾਲਾ, 1 ਕੁਲਦੀਪ ਸਿੰਘ ਗੁਰਦਾਸਪੁਰ, ਕੁਲਵਿੰਦਰ ਸਿੰਘ ਫਰੀਦਕੋਟ,

ਕੁਲਦੀਪ ਸਿੰਘ ਦਾਦੂਜ਼ੋਧ, ਕੁਲਵਿੰਦਰ ਸਿੰਘ ਗੁਰਦਾਸਪੁਰ, ਗੁਰਦੀਪ ਸਿੰਘ ਵੈਰੋਕੇ, ਨਛੱਤਰ ਸਿੰਘ ਢਿੱਲਵਾਂ, ਦਲਜੀਤ ਸਿੰਘ ਮਾਨਸਾ, ਬਲਦੇਵ ਸਿੰਘ ਸੁੱਖਣਵਾਲਾ ਆਦਿ ਸ਼ਾਮਿਲ ਹੋਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 9463601616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਅੱਜ ਦੇਸ਼ ਵਿੱਚ ਕੋਈ ਨੈਤਿਕਤਾ ਨਹੀਂ

ਜਿਸ ਦੇਸ਼ ਵਿੱਚ ਕੋਈ ਨੈਤਿਕਤਾ ਨਹੀਂ ਹੈ, ਉਸ ਦਾ ਭਵਿੱਖ ਖ਼ਤਰੇ ਵਿੱਚ ਹੈ।

ਆਚਾਰੀਆ ਅਤ੍ਰੇ ਦੇ "ਮਹਾਤਮਾ ਫੂਲੇ" ਦਾ ਮਹੂਰਤ ਸਮਾਰੋਹ ਐਤਵਾਰ, 31 ਜਨਵਰੀ, 1954 ਨੂੰ ਮੁੰਬਈ ਦੇ ਪ੍ਰਸਿੱਧ ਸਟੂਡੀਓ ਵਿੱਚ ਬਹੁਤ ਧੂਮਧਾਮ ਨਾਲ ਆਯੋਜਿਤ ਕੀਤਾ ਗਿਆ ਸੀ। ਸਮਾਰੋਹ



ਦੀ ਪ੍ਰਧਾਨਗੀ ਡਾ. ਬਾਬਾ ਸਾਹਿਬ ਅੰਬੇਡਕਰ ਨੇ ਕੀਤੀ ਅਤੇ ਸਤਾਰਾ ਦੇ ਕਰਮਵੀਰ ਭਾਊਰਾਓ ਪਾਟਿਲ ਨੇ ਆਚਾਰੀਆ ਅਤ੍ਰੇ ਦੇ ਵਿਸ਼ੇਸ਼ ਅਸ਼ੀਰਵਾਦ ਦੇਣ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਸੀ।

"ਆਚਾਰੀਆ ਅਤ੍ਰੇ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ," "ਮੈਂ ਬਹੁਤ ਖੁਸ਼ ਹਾਂ ਕਿ ਜਯੋਤੀਬਾ ਫੂਲੇ ਦੇ ਇਨਕਲਾਬੀ ਜੀਵਨ ਨੂੰ ਸਿਲਵਰ ਸਕ੍ਰੀਨ 'ਤੇ ਸਾਕਾਰ ਕਰਨ ਦਾ ਮੇਰਾ ਪੁਰਾਣਾ ਸੁਪਨਾ ਅੱਜ ਸੱਚ ਹੋ ਰਿਹਾ ਹੈ।" ਮੈਂ ਕਈ ਸਾਲਾਂ ਤੱਕ ਪੁਣੇ ਸ਼ਹਿਰ ਦੇ ਉਸੇ ਹਿੱਸੇ ਵਿੱਚ ਰਿਹਾ ਜਿੱਥੇ ਫੂਲੇ ਨੇ ਲਗਭਗ 100 ਸਾਲ ਪਹਿਲਾਂ ਕੰਮ ਕੀਤਾ ਸੀ। ਇਸ ਲਈ, ਉਨ੍ਹਾਂ ਦੇ ਕੰਮ ਅਤੇ ਪਰੰਪਰਾ ਦਾ ਮੇਰੇ ਮਨ ਉੱਤੇ ਡੂੰਘਾ ਪ੍ਰਭਾਵ ਪਿਆ ਹੈ। ਸਭ ਤੋਂ ਵੱਡੀ ਖੁਸ਼ੀ ਇਸ ਗੱਲ ਦੀ ਹੈ ਕਿ ਇਹ ਫਿਲਮ ਡਾ. ਬਾਬਾ ਸਾਹਿਬ ਅੰਬੇਡਕਰ ਦੁਆਰਾ ਲਾਂਚ ਕੀਤੀ ਜਾ ਰਹੀ ਹੈ। ਜੇ ਕੋਈ ਮਹਾਤਮਾ ਫੂਲੇ ਦੇ ਫ਼ਲਸਫ਼ੇ ਦਾ ਸਭ ਤੋਂ ਵੱਡਾ ਪੈਰੋਕਾਰ ਹੈ, ਤਾਂ ਉਹ ਸਿਰਫ਼ ਡਾ. ਬਾਬਾ ਸਾਹਿਬ ਅੰਬੇਡਕਰ ਹਨ। ਰਾਜਨੀਤੀ ਵਿੱਚ, ਧਰਮ ਵਿੱਚ, ਸਮਾਜਿਕ ਮੁੱਦਿਆਂ ਵਿੱਚ ਡਾ. ਅੰਬੇਡਕਰ ਦੀ ਭੂਮਿਕਾ ਪੂਰੀ ਤਰ੍ਹਾਂ ਕ੍ਰਾਂਤੀ ਬਾਬਾ ਫੂਲੇ ਵਰਗੀ ਹੈ। ਇਸੇ ਲਈ ਅੱਜ ਡਾ. ਅੰਬੇਡਕਰ ਦੇ ਕੰਮ ਨੂੰ ਲੈ ਕੇ ਉਹੀ ਗ਼ਲਤਫ਼ਹਿਮੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ ਜੋ ਉਸ ਦੌਰ ਵਿੱਚ ਕ੍ਰਾਂਤੀ ਬਾਬਾ ਫੂਲੇ ਨੂੰ ਲੈ ਕੇ ਪੈਦਾ ਕੀਤੀਆਂ ਗਈਆਂ ਸਨ। ਰਿਆਤ ਸਿੱਖਿਆ ਸੰਸਥਾ ਦੇ ਸੰਸਥਾਪਕ ਕਰਮਵੀਰ ਭਾਊਰਾਓ ਪਾਟਿਲ ਅੱਜ ਇੱਥੇ ਫਿਲਮ ਨੂੰ ਅਸ਼ੀਰਵਾਦ ਦੇਣ ਆਏ ਹਨ।

ਇਹ ਅੱਜ ਦੀ ਦੂਜੀ ਵੱਡੀ ਗੱਲ ਹੈ। ਉਨ੍ਹਾਂ ਨੇ ਆਪਣਾ ਪੂਰਾ ਜੀਵਨ ਮਹਾਤਮਾ ਫੂਲੇ ਦੇ ਫ਼ਲਸਫ਼ੇ ਦੇ ਪ੍ਰਚਾਰ ਲਈ ਸਮਰਪਿਤ ਕਰ ਦਿੱਤਾ ਹੈ।

ਮੈਂ ਜਾਣਦਾ ਹਾਂ ਕਿ ਡਾ. ਅੰਬੇਡਕਰ ਦੀ ਇੱਛਾ ਹੈ ਕਿ ਉਹ ਫੂਲੇ ਦੀ ਜੀਵਨੀ ਅੰਗਰੇਜ਼ੀ ਵਿੱਚ ਲਿਖਣ। ਪਰ ਫੰਡਾਂ ਦੀ ਘਾਟ ਕਾਰਨ ਕੰਮ ਪੂਰਾ ਨਹੀਂ ਹੋ ਸਕਿਆ। ਮੈਂ ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਆਪਣਾ ਸਾਰਾ ਸਮਾਨ ਉਨ੍ਹਾਂ ਨੂੰ ਸੌਂਪਣਾ ਚਾਹੁੰਦਾ ਹਾਂ। ਫੂਲੇ ਦੇ ਜੀਵਨ ਬਾਰੇ ਅਗਿਆਨਤਾ ਜਨਤਾ ਵਿੱਚ ਵਿਆਪਕ ਹੈ। ਇਸ ਫਿਲਮ ਦੀ ਮਦਦ ਨਾਲ ਮੈਂ ਲੋਕਾਂ ਨੂੰ ਫੂਲੇ ਦੇ ਜੀਵਨ ਬਾਰੇ ਪੂਰੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗਾ।

ਡਾ. ਬਾਬਾ ਸਾਹਿਬ ਅੰਬੇਡਕਰ

ਮੈਂ ਅਤ੍ਰੇ ਨੂੰ ਇਹ ਕੰਮ ਕਰਨ ਲਈ ਵਧਾਈ ਦਿੰਦਾ ਹਾਂ। ਕਿਉਂਕਿ ਜਯੋਤੀਰਾਵ ਫੂਲੇ ਅਸਲ ਵਿੱਚ ਪਹਿਲੇ ਸਮਾਜ ਸੁਧਾਰਕ ਸਨ। ਪਹਿਲਾਂ ਇੱਕ ਬਹਿਸ ਹੁੰਦੀ ਸੀ ਕਿ ਪਹਿਲਾਂ ਰਾਜਨੀਤੀ ਜਾਂ ਪਹਿਲਾ ਸਮਾਜਿਕ ਸੁਧਾਰ। ਰਾਨਡੇ, ਗੋਖਲੇ, ਅਗਰਕਰ ਨੇ ਜ਼ੋਰ ਦੇ ਕੇ ਕਿਹਾ ਕਿ ਸਮਾਜਿਕ ਸੁਧਾਰ ਪਹਿਲਾਂ ਹੋਣੇ ਚਾਹੀਦੇ ਹਨ। ਪਰ ਤਿਲਕ ਦੀ ਰਾਏ ਵਿੱਚ ਪਹਿਲਾਂ ਰਾਜਨੀਤਕ ਸੁਧਾਰ ਕਰਨਾ ਸਹੀ ਸੀ। ਤਿਲਕ ਇਸ ਮਾਮਲੇ ਵਿੱਚ ਆਪਣੇ ਵਿਰੋਧੀਆਂ ਨੂੰ ਜਿੱਤ ਨਹੀਂ ਸਕੇ। ਪਰ ਬਾਅਦ ਵਿੱਚ ਗਾਂਧੀ ਜੀ ਨੇ ਉਨ੍ਹਾਂ ਲੋਕਾਂ ਨੂੰ ਜਿੱਤ ਲਿਆ ਜੋ ਪਹਿਲਾਂ ਸਮਾਜ ਵਿੱਚ ਸੁਧਾਰ ਦੇ ਹੱਕ ਵਿੱਚ ਸਨ। ਹਾਲਾਂਕਿ, ਦੇਸ਼ ਨੂੰ ਸਮਾਜਿਕ ਸੁਧਾਰਾਂ ਤੋਂ ਪਹਿਲਾਂ ਹੀ ਰਾਜਨੀਤਿਕ ਆਜ਼ਾਦੀ ਮਿਲੀ ਸੀ। ਇਸ ਦਾ ਕੋਈ ਚੰਗਾ ਅਸਰ ਨਹੀਂ ਹੋਇਆ। ਅੱਜ ਦੇਸ਼ ਦਾ ਕੋਈ ਚਰਿੱਤਰ ਨਹੀਂ ਹੈ ਅਤੇ ਜਿਸ ਦੇਸ਼ ਵਿੱਚ ਨੈਤਿਕਤਾ ਨਹੀਂ ਹੈ, ਉਸ ਦੇਸ਼ ਦਾ ਭਵਿੱਖ ਬਹੁਤ ਮੁਸ਼ਕਿਲ ਹੈ। ਭਾਵੇਂ ਉਹ ਤੁਹਾਡੇ ਰਾਜ ਦੇ ਮੁੱਖ ਮੰਤਰੀ ਜਵਾਹਰ ਲਾਲ ਨਹਿਰੂ ਹੋਣ ਜਾਂ ਮੋਰਾਰਜੀ ਦੇਸਾਈ, ਤੁਹਾਡਾ ਭਵਿੱਖ ਹਨੇਰੇ ਨਾਲ ਭਰਿਆ ਹੋਇਆ ਹੈ। ਦੇਸ਼ ਦੇ ਮੰਤਰੀ ਦੇਸ਼ ਨੂੰ ਨਹੀਂ ਬਚਾ ਸਕਦੇ, ਪਰ ਧਰਮ ਨੂੰ ਸਮਝਣ ਵਾਲੇ ਹੀ ਦੇਸ਼ ਨੂੰ ਬਚਾ ਸਕਦੇ ਹਨ। ਮਹਾਤਮਾ ਫੂਲੇ ਅਜਿਹੇ ਹੀ ਇੱਕ ਧਾਰਮਿਕ ਸੁਧਾਰਕ ਸਨ। ਇਸ ਤਰ੍ਹਾਂ ਇਸ ਮਹਾਨ ਸਮਾਜ ਸੁਧਾਰਕ ਦੇ ਜੀਵਨ ਉੱਤੇ ਬਣੀ ਇਹ ਫ਼ਿਲਮ ਉਚਿਤ ਸਿੱਧ ਹੋਵੇਗੀ।

## ਜੇਕਰ ਵਫ਼ਾਦਾਰੀ ਦੀ ਪਾਲਣਾ ਨਹੀਂ ਕੀਤੀ ਗਈ ਤਾਂ ਧਰਮ ਵਾਂਗ ਸਿਆਸਤ ਵੀ ਦੇਸ਼ਧ੍ਰੋਹੀਆਂ ਲਈ ਬਾਜ਼ਾਰ ਸਾਬਤ ਹੋਵੇਗੀ।

ਡਾ. ਬਾਬਾ ਸਾਹਿਬ ਅੰਬੇਡਕਰ ਅਤੇ ਆਯੁਸ਼ਮਤੀ ਮਾਈਸਾਹਬ ਅੰਬੇਡਕਰ, ਦੋਵੇਂ ਅਨੁਸੂਚਿਤ ਜਾਤੀਆਂ ਫੈਡਰੇਸ਼ਨ ਦੇ ਪ੍ਰਭਾਵਸ਼ਾਲੀ ਆਗੂ, ਅਛੂਤਾਂ ਦੇ ਆਗੂ ਅਤੇ ਭਾਰਤੀ ਸੰਵਿਧਾਨ ਦੇ ਆਰਕੀਟੈਕਟ, 20 ਅਪ੍ਰੈਲ, 1954 ਨੂੰ ਸਵੇਰੇ 10 'ਤੇ ਦਿੱਲੀ ਤੋਂ ਨਾਗਪੁਰ ਲਈ ਉਡਾਣ ਭਰੀ। ਉਨ੍ਹਾਂ ਦੇ ਸਵਾਗਤ ਲਈ ਹਜ਼ਾਰਾਂ ਅਛੂਤ ਮੌਜੂਦ ਸਨ ਅਤੇ ਜਿਵੇਂ ਹੀ ਉਹ ਡਾ. ਅੰਬੇਡਕਰ ਮਾਈਸਾਹਬ ਦੇ ਨਾਲ ਜਹਾਜ਼ ਤੋਂ ਉਤਰੇ, ਉਨ੍ਹਾਂ ਦਾ 'ਕੁਝ ਦਿਨਾਂ ਵਿੱਚ ਭੀਮ ਰਾਜ, ਅੰਬੇਡਕਰ ਜ਼ਿੰਦਾਬਾਦ' ਆਦਿ ਨਾਅਰਿਆਂ ਨਾਲ ਸਵਾਗਤ ਕੀਤਾ ਗਿਆ।

ਡਾ. ਬਾਬਾ ਸਾਹਿਬ ਅੰਬੇਡਕਰ ਭੰਡਾਰਾ ਦੀਪਦਾਤਾ ਸੰਘ ਦੀ ਸੰਸਦੀ ਜ਼ਿਮਨੀ ਚੋਣਾਂ ਵਿੱਚ ਇੱਕ ਰਾਖਵੀਂ ਸੀਟ ਲਈ ਉਮੀਦਵਾਰ ਵਜੋਂ ਖੜ੍ਹੇ ਸਨ ਅਤੇ ਭੰਡਾਰਾ ਹਲਕੇ ਵਿੱਚ ਪ੍ਰਚਾਰ ਕਰਨ ਲਈ ਨਾਗਪੁਰ ਵਿੱਚ ਸਨ।

ਉਨ੍ਹਾਂ ਦੇ ਸਵਾਗਤ ਲਈ ਹਵਾਈ ਅੱਡੇ 'ਤੇ 25 ਹਜ਼ਾਰ ਤੋਂ ਵੱਧ ਅਛੂਤ ਪੁਰਸ਼ ਅਤੇ ਮਹਿਲਾਵਾਂ, ਨੌਜਵਾਨ ਅਤੇ ਬਜ਼ੁਰਗ ਮੌਜੂਦ ਸਨ। ਸਮਤਾ ਸੈਨਿਕ ਦਲ ਦੇ ਸੈਂਕੜੇ ਵਰਦੀਧਾਰੀ ਵਲੰਟੀਅਰ ਪ੍ਰਬੰਧਾਂ ਅਤੇ ਡਾ. ਬਾਬਾ ਸਾਹਿਬ ਨੂੰ ਸਲਾਮ ਕਰਨ ਲਈ ਕਤਾਰ ਵਿੱਚ ਖੜ੍ਹੇ ਸਨ। ਜਹਾਜ਼ ਦੇ ਨਾਗਪੁਰ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਬਾਬਾ ਸਾਹਿਬ ਅਤੇ ਮਾਈਸਾਹਬ ਦਾ ਜਹਾਜ਼ ਤੋਂ ਉਤਰਦੇ ਹੀ ਫੁੱਲਾਂ ਨਾਲ ਸਵਾਗਤ ਕੀਤਾ ਗਿਆ।

ਭੰਡਾਰਾ ਸੰਸਦੀ ਜ਼ਿਮਨੀ ਚੋਣਾਂ ਵਿੱਚ ਡਾ. ਬਾਬਾ ਸਾਹਿਬ ਅੰਬੇਡਕਰ ਦੇ ਉਮੀਦਵਾਰ ਬਣਨ ਤੋਂ ਬਾਅਦ, ਮੱਧ ਪ੍ਰਦੇਸ਼ ਦੀਆਂ ਕਈ ਪਾਰਟੀਆਂ ਨੇ ਡਾ. ਬਾਬਾ ਸਾਹਿਬ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ। ਡਾ. ਬਾਬਾ ਸਾਹਿਬ ਦੇ ਆਉਣ ਤੋਂ ਬਾਅਦ ਇਨ੍ਹਾਂ ਪਾਰਟੀਆਂ ਦੇ ਵਰਕਰਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ ਸੀ। ਇਸ ਪ੍ਰੋਗਰਾਮ ਵਿੱਚ ਮੱਧ ਪ੍ਰਦੇਸ਼ ਜਨ ਸੰਘ ਦੇ ਦੱਤੋਪੰਤ ਥੇਂਗੜੀ, ਪੀ.ਐਸ. ਪਾਰਟੀ ਦੀ ਉਮਰ. ਆਵਾਰੀ, ਹੈਂਡਲੂਮ, ਵੇਵਿੰਗ ਐਸੋਸੀਏਸ਼ਨ ਦੀ ਉਮਰ। ਰਾ. ਬਾ. ਕੁੰਭਾਰੇ, ਸ਼ਰਨਾਰਥੀਆਂ ਦੀ ਤਰਫੋਂ ਆਯੂ. ਹੰਸਰਾਜਾਨੀ, ਕਮਿਊਨਿਸਟ ਪਾਰਟੀ ਦੇ ਆਯੂ ਵਰਧਨ, ਪ੍ਰ. ਸ਼ੀ. ਯੂਨੀਅਨ ਅਤੇ ਨੈ. ਮਹਾਰਾਸ਼ਟਰ ਕੌਂਸਲ ਤੋਂ ਆਯੂ ਭੌਂਸਲੇ, ਅਤੇ ਸ਼ੀ. ਦੇ. ਫੇ. ਚੇ. ਆਯੂ. ਰਾਜਭੋਜ ਦਾਦਾਸਾਹਿਬ ਗਾਇਕਵਾੜ, ਮੁਨ. ਵੀ. ਸਭਾ ਅਤੇ ਸ. ਦੇ. ਫੇ. ਉਮਰ ਦਾ ਮੈਂਬਰ। ਬਾਪੂ ਚੰਦਰਸੇਨ ਕਾਂਬਲੇ, ਬੀ.ਖੋਬਰਾਗੜੇ, ਨਾਗਪੁਰ ਕਾਰਪੋਰੇਸ਼ਨ ਆਯੂ ਦੇ ਉਪਨਗਰ ਪ੍ਰਧਾਨ ਡਾ. ਧਰਮਦਾਸ, ਸ਼ਰਮਾਂ ਅਤੇ ਹਰੀਦਾਸ ਆਵਲੇ ਆਦਿ ਉੱਘੇ ਵਰਕਰ ਹਾਜ਼ਰ ਸਨ।

20 ਅਪ੍ਰੈਲ, 1954 ਨੂੰ ਆਪਣੇ ਸਵਾਗਤੀ ਭਾਸ਼ਣ ਵਿੱਚ ਡਾ. ਬਾਬਾ ਸਾਹਿਬ ਅੰਬੇਡਕਰ ਨੇ ਕਿਹਾ:

ਮੈਨੂੰ ਲੱਗਦਾ ਹੈ ਕਿ ਰਾਸ਼ਟਰ ਵਿਨਾਸ਼ ਦੇ ਰਾਹ ਉੱਤੇ ਚੱਲ ਰਿਹਾ ਹੈ। ਇਸ ਲਈ ਮੈਂ ਚੋਣ ਲੜ ਰਿਹਾ ਹਾਂ। ਜੇਕਰ ਮੈਂ ਕਾਂਗਰਸ ਨਾਲ ਸੁਲ੍ਹਾ ਲਈ ਤਿਆਰ ਹੁੰਦਾ ਤਾਂ ਮੇਰੇ ਲਈ ਲੋਕ ਸਭਾ ਵਿੱਚ ਬਣੇ ਰਹਿਣਾ ਅਸੰਭਵ ਨਹੀਂ ਹੁੰਦਾ। ਪਰ ਧਰਮ ਵਾਂਗ, ਜੇ ਰਾਜਨੀਤੀ ਵਿੱਚ ਨਿਸ਼ਠਾ ਦੀ ਪਾਲਣਾ ਨਹੀਂ ਕੀਤੀ ਜਾਂਦੀ, ਤਾਂ ਇਹ ਕਮੀਆਂ ਦਾ ਬਾਜ਼ਾਰ ਬਣਿਆ ਰਹੇਗਾ। ਮੈਂ ਇਹ ਚੋਣ ਵਿਰੋਧੀ ਪਾਰਟੀ ਦੀਆਂ ਸੀਟਾਂ ਤੋਂ ਲੋਕਾਂ ਦੇ ਸਾਹਮਣੇ ਇੱਕ ਵੱਖਰਾ ਦ੍ਰਿਸ਼ਟੀਕੋਣ ਰੱਖਣ ਲਈ ਲੜ ਰਿਹਾ ਹਾਂ।

ਕਾਂਗਰਸ ਸਰਕਾਰ ਨੂੰ ਕੰਮ ਕਰਨ ਲਈ ਬਹੁਤ ਸਮਾਂ ਦਿੱਤਾ ਗਿਆ ਸੀ ਪਰ ਹੁਣ ਤੱਕ ਉਹ ਕਿਸੇ ਵੀ ਪ੍ਰਸ਼ਨ ਦਾ ਹੱਲ ਨਹੀਂ ਕੱਢ ਸਕੀ ਹੈ। ਹੁਣ ਇਹ ਕੇਵਲ ਭਗਤੀ ਰੱਖਣ ਨਾਲ ਹੀ ਸੰਭਵ ਨਹੀਂ ਹੋਵੇਗਾ। ਹੁਣ ਸਾਨੂੰ ਜਾਗਰੂਕਤਾ ਨਾਲ ਘਟਨਾਵਾਂ ਵੱਲ ਧਿਆਨ ਦੇਣਾ ਹੈ। ਪਹਿਲਾਂ ਦੇਸ਼, ਫਿਰ ਪ੍ਰਧਾਨ ਮੰਤਰੀ ਅਤੇ ਕਾਂਗਰਸ ਨੂੰ ਇਸ ਪਾਸੇ ਦੇਖਣਾ ਹੋਵੇਗਾ। ਅੱਜ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਮੌਜੂਦਾ ਸਰਕਾਰ ਨੂੰ ਬਦਲੇ।

ਅੱਜ ਭਾਰਤ ਦਾ ਦੁਨੀਆ ਵਿੱਚ ਕੋਈ ਦੋਸਤ ਨਹੀਂ ਹੈ। ਇੱਥੇ ਕੁਝ ਅਜਿਹਾ ਹੀ ਹੋ ਰਿਹਾ ਹੈ ਜਿਵੇਂ ਹਿਟਲਰ ਦੇ ਜਰਮਨੀ ਵਿੱਚ ਹੋਇਆ ਸੀ। ਪਾਕਿਸਤਾਨ ਨੂੰ ਅਮਰੀਕਾ ਤੋਂ ਮਿਲ ਰਹੀ ਫੌਜੀ ਸਹਾਇਤਾ ਬਹੁਤ ਗੰਭੀਰ ਮਾਮਲਾ ਹੈ। ਇਸ ਦਾ ਬਹੁਤ ਵੱਡਾ ਪ੍ਰਭਾਵ ਪਵੇਗਾ। ਜਦੋਂ ਪਾਕਿਸਤਾਨ ਨੂੰ ਇਸ ਤਰ੍ਹਾਂ ਦੀ ਮਦਦ ਮਿਲੇਗੀ, ਤਾਂ ਇੱਥੇ-ਉੱਥੇ ਖਿੰਡੇ ਹੋਏ ਹੋਰ ਵੰਡੇ ਹੋਏ ਮੁਸਲਿਮ ਰਾਸ਼ਟਰ ਵੀ ਇਕਜੁੱਟ ਹੋ ਜਾਣਗੇ ਅਤੇ ਉਨ੍ਹਾਂ ਦਾ 'ਇਸਲਾਮਿਕ ਯੂਨਾਈਟਿਡ ਸਟੇਟ' ਸਥਾਪਤ ਹੋ ਜਾਵੇਗਾ, ਇਹ ਸਮਝਣ ਯੋਗ ਹੈ। ਇਹ ਇਸਲਾਮੀ ਸੰਯੁਕਤ ਰਾਜ ਅਮਰੀਕਾ ਆਪਣੇ ਪੂਰੇ ਦੇਸ਼ ਨੂੰ ਘੇਰ ਲੈਣਗੇ। ਮੈਂ ਤੁਹਾਨੂੰ ਇਹ ਵੀ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

ਚੇਤਾਵਨੀ ਦੇਣਾ ਚਾਹੁੰਦਾ ਹਾਂ ਕਿ ਅਫ਼ਗ਼ਾਨਿਸਤਾਨ ਨੇ ਵੀ ਅਮਰੀਕੀ ਮਦਦ ਸਵੀਕਾਰ ਕਰ ਲਈ ਹੈ ਅਤੇ ਪ੍ਰਸਤਾਵਿਤ ਅਫ਼ਗ਼ਾਨ-ਪਾਕਿ ਫੈਡਰੇਸ਼ਨ ਦੀਆਂ ਖ਼ਬਰਾਂ ਤੋਂ ਇਨਕਾਰ ਕਰਨਾ ਸਿਰਫ਼ ਗੁੰਮਰਾਹਕੁੰਨ ਹੈ। ਦੂਜੇ ਪਾਸੇ, ਰੂਸ ਅਤੇ ਚੀਨ ਵੀ ਏਸ਼ੀਆ ਨੂੰ ਜਿੱਤਣ ਅਤੇ ਇਸ ਨੂੰ ਕਮਿਊਨਿਸਟ ਦੇਸ਼ਾਂ ਨਾਲ ਲਿਆਉਣ ਲਈ ਤਿਆਰ ਹਨ।

ਇਸ ਲਈ, ਜੇ ਤੁਸੀਂ ਪ੍ਰਭਾਵਸ਼ਾਲੀ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਬੰਦੂਕਾਂ ਹੱਥ ਵਿੱਚ ਲੈਣੀਆਂ ਪੈਣਗੀਆਂ। ਨਰਮ, ਆਲਸੀ ਭਾਸ਼ਣ ਕੰਮ ਨਹੀਂ ਕਰਨਗੇ। ਤੁਹਾਨੂੰ ਇੱਕ ਮਜ਼ਬੂਤ ਭੂਮਿਕਾ ਨਿਭਾਉਣੀ ਪਵੇਗੀ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਸੰਸਦੀ ਸਰਕਾਰ ਚਾਹੁੰਦੇ ਹੋ ਜਾਂ ਨਹੀਂ। ਜੇਕਰ ਅਸੀਂ ਸੰਸਦੀ ਸਰਕਾਰ ਚਾਹੁੰਦੇ ਹਾਂ ਤਾਂ ਸਾਨੂੰ ਉਨ੍ਹਾਂ ਨਾਲ ਸਹਿਯੋਗ ਕਰਨਾ ਹੋਵੇਗਾ ਜਿਨ੍ਹਾਂ ਕੋਲ ਸੰਸਦੀ ਸਰਕਾਰ ਹੈ ਅਤੇ ਬਾਹਰੀ ਹਮਲੇ ਤੋਂ ਸੁਰੱਖਿਆ ਲਈ ਤਿਆਰ ਹਨ। ਜੇ ਨਹੀਂ, ਤਾਂ ਅਸੀਂ ਭਲਕੇ ਰੂਸ ਅਤੇ ਚੀਨ ਨਾਲ ਦੋਸਤੀ ਕਰਾਂਗੇ।

## ਚੋਣਾਂ ਰਾਹੀਂ ਸੀਟਾਂ ਪ੍ਰਾਪਤ ਕਰਨਾ ਇੱਕ ਸਾਧਨ ਹੈ, ਅੰਤ ਨਹੀਂ।

20 ਅਪ੍ਰੈਲ, 1954 ਨੂੰ ਡਾ. ਬਾਬਾ ਸਾਹਿਬ ਅੰਬੇਡਕਰ ਨੇ ਅਨੁਸੂਚਿਤ ਜਾਤੀਆਂ ਦੇ ਸੰਘ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ,

ਪਿਛਲੀਆਂ ਚੋਣਾਂ ਵਿੱਚ ਅਨੁਸੂਚਿਤ ਜਾਤੀਆਂ ਦੀ ਫੈਡਰੇਸ਼ਨ ਦੀ ਹਾਰ ਨੇ ਮੇਰੇ ਸਾਥੀਆਂ ਨੂੰ ਨਿਰਾਸ਼ ਕੀਤਾ ਹੋਵੇਗਾ ਅਤੇ ਕੁਝ ਸ਼ਾਇਦ ਇਹ ਵੀ ਸੋਚਣਗੇ ਕਿ ਚੋਣਾਂ ਨਹੀਂ ਹੋਣੀਆਂ ਚਾਹੀਦੀਆਂ। ਪਰ, ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਇਸ ਤਰ੍ਹਾਂ ਨਿਰਾਸ਼ ਜਾਂ ਹਤਾਸ਼ ਨਾ ਹੋਣ। ਇਸ ਤਰ੍ਹਾਂ ਸਿਆਸਤ ਪੌੜੀ ਪੌੜੀ ਚੜ੍ਹਦੀ ਅੱਗੇ ਵਧਦੀ ਰਹਿੰਦੀ ਹੈ। ਮੈਂ ਕਦੇ ਹਾਰਨ ਦੀ ਚਿੰਤਾ ਨਹੀਂ ਕੀਤੀ, ਅਤੇ ਨਾ ਹੀ ਕਰਾਂਗਾ। ਚੋਣਾਂ ਜਿੱਤਣਾ ਹੀ ਫੈਡਰੇਸ਼ਨ ਦਾ ਇੱਕੋ-ਇੱਕ ਉਦੇਸ਼ ਨਹੀਂ ਹੈ। ਮੈਂ ਇਸ ਚੋਣ ਵਿੱਚ ਉਮੀਦਵਾਰਾਂ ਨੂੰ ਉਤਾਰ ਕੇ ਅਜਿਹਾ ਕਰ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਲੜਨ ਲਈ ਪ੍ਰੇਰਿਤ ਕੀਤਾ ਜਾ ਸਕੇ। ਚੋਣਾਂ ਰਾਹੀਂ ਸੀਟਾਂ ਪ੍ਰਾਪਤ ਕਰਨਾ ਸਿਰਫ਼ ਇੱਕ ਸਾਧਨ ਹੈ। ਫੈਡਰੇਸ਼ਨ ਦਾ ਨਿਸ਼ਾਨਾ ਅਤੇ ਉਦੇਸ਼ ਅਛੂਤਾਂ ਨੂੰ ਬਚਾਉਣਾ ਹੈ ਅਤੇ ਜਦੋਂ ਤੱਕ ਸਮਾਜ ਦੇ ਸਾਰੇ ਵਰਗਾਂ ਵਿੱਚੋਂ ਅਛੂਤਾਂ ਨੂੰ ਵਿਕਸਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇੱਕ ਅਨੁਸੂਚਿਤ ਜਾਤੀ ਫੈਡਰੇਸ਼ਨ ਪਾਰਟੀ ਦੀ ਜ਼ਰੂਰਤ ਹੈ ਅਤੇ ਉਦੋਂ ਤੱਕ ਫੈਡਰੇਸ਼ਨ ਕਾਇਮ ਰਹੇਗੀ। ਜਦੋਂ ਹਵਾ ਵਗਣੀ ਬੰਦ ਹੋ ਜਾਵੇਗੀ ਤਾਂ ਪੈਦਾ ਹੋਏ ਛੋਟੇ ਤੂਫਾਨ ਬੰਦ ਹੋ ਜਾਣਗੇ। ਤੁਹਾਨੂੰ ਉਨ੍ਹਾਂ ਬਾਰੇ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਫੈਡਰੇਸ਼ਨ ਪਾਰਟੀ ਤੋਂ ਬਿਨਾਂ ਭਾਰਤੀ ਰਾਜਨੀਤੀ ਵਿੱਚ ਅਛੂਤਾਂ ਲਈ ਸਵੈ-ਮਾਣ ਦਾ ਕੋਈ ਸਥਾਨ ਨਹੀਂ ਹੋਵੇਗਾ। ਇਹ ਸੰਘ ਦੀ ਹਾਰ ਦੇ ਕਾਰਨ ਹੈ ਕਿ ਸਾਨੂੰ ਆਪਣੀ ਮੁਕਤੀ ਲਈ ਦਿਨ ਪ੍ਰਤੀ ਦਿਨ ਨਵੇਂ ਪ੍ਰੋਗਰਾਮ ਬਣਾਉਣਾ ਪੈਂਦਾ ਹੈ। ਜੋ ਫੈਡਰੇਸ਼ਨ ਦੇ ਵਰਕਰ ਹਨ, ਉਨ੍ਹਾਂ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਮੈਂ ਉਨ੍ਹਾਂ ਸਾਰਿਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਫੈਡਰੇਸ਼ਨ ਦੀ ਹਾਰ ਹਵਾ ਨਾਲ ਪੁੱਟੇ ਗਏ ਰੁੱਖ ਵਰਗੀ ਹੈ। ਪਰ ਇਹ ਸੋਚਣਾ ਗਲਤ ਹੋਵੇਗਾ ਕਿ ਇਸ ਤਰ੍ਹਾਂ ਦੇ ਪੁੱਟਣ ਨਾਲ ਉਸ ਰੁੱਖ ਦੀਆਂ ਜੜ੍ਹਾਂ ਨਸ਼ਟ ਹੋ ਗਈਆਂ ਹੋਣਗੀਆਂ। ਇਸ ਲਈ ਮੈਂ ਕਹਿੰਦਾ ਹਾਂ ਕਿ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖੋ।

# ਖੂਹ ਵਿੱਚ ਜ਼ਹਿਰੀਲੀ ਗੈਸ ਕਾਰਨ 8 ਦੀ ਮੌਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 9463601616
hardipchumber57@gmail.com

ਖੰਡਵਾ: ਖੰਡਵਾ ਵਿੱਚ ਇੱਕ ਖੂਹ ਵਿੱਚ ਜ਼ਹਿਰੀਲੀ ਗੈਸ ਕਾਰਨ ਦਮ ਘੁੱਟਣ ਕਾਰਨ 8 ਲੋਕਾਂ ਦੀ ਮੌਤ ਹੋ ਗਈ। ਲਗਭਗ 3 ਘੰਟੇ ਤੱਕ ਚੱਲੇ ਬਚਾਅ ਕਾਰਜ ਵਿੱਚ ਸਾਰੀਆਂ 8 ਲਾਸ਼ਾਂ ਨੂੰ ਖੂਹ ਵਿੱਚੋਂ ਬਾਹਰ ਕੱਢ ਲਿਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ, ਪ੍ਰਸ਼ਾਸਨ ਅਤੇ ਐਸਡੀਈਆਰਐਫ ਦੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਬਚਾਅ ਕਾਰਜ ਨੂੰ ਅੰਜਾਮ ਦਿੱਤਾ।

ਇਹ ਘਟਨਾ ਵੀਰਵਾਰ ਸ਼ਾਮ ਨੂੰ ਜ਼ਿਲ੍ਹੇ ਦੇ ਛਾਈਗਾਓਂ ਮੱਖਣ ਇਲਾਕੇ ਦੇ ਕੋਂਡਾਵਤ ਪਿੰਡ ਵਿੱਚ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਅਰਜੁਨ ਨਾਮ ਦਾ ਵਿਅਕਤੀ ਗੰਗੌਰ ਵਿਸਰਜਨ ਲਈ ਖੂਹ ਦੀ ਸਫਾਈ ਕਰਨ ਲਈ ਹੇਠਾਂ ਗਿਆ ਸੀ, ਪਰ ਜ਼ਹਿਰੀਲੀ ਗੈਸ ਕਾਰਨ ਉਹ ਬੇਹੋਸ਼ ਹੋ ਗਿਆ ਅਤੇ ਖੂਹ ਵਿੱਚ ਜਮ੍ਹਾਂ ਹੋਏ ਚਿੱਕੜ ਵਿੱਚ ਡੁੱਬ ਗਿਆ। ਉਸਨੂੰ ਬਚਾਉਣ ਲਈ, ਇੱਕ ਤੋਂ ਬਾਅਦ ਇੱਕ ਸੱਤ ਹੋਰ ਲੋਕ ਖੂਹ ਵਿੱਚ ਉਤਰ ਗਏ। ਇਹ ਸਾਰੇ ਵੀ ਜ਼ਹਿਰੀਲੀ ਗੈਸ ਕਾਰਨ ਦਮ ਘੁੱਟਣ ਕਾਰਨ ਡੁੱਬ ਗਏ ਅਤੇ ਆਪਣੀ ਜਾਨ ਗੁਆ ਬੈਠੇ।

ਸਾਰੀਆਂ 8 ਲਾਸ਼ਾਂ ਨੂੰ ਪੋਸਟਮਾਰਟਮ ਲਈ ਛਾਈਗਾਓਂ ਮੱਖਣ ਹਸਪਤਾਲ ਲਿਜਾਇਆ ਗਿਆ ਹੈ। ਲਾਸ਼ਾਂ ਦਾ ਅੰਤਿਮ ਸੰਸਕਾਰ ਸ਼ੁੱਕਰਵਾਰ ਨੂੰ ਕੀਤਾ ਜਾਵੇਗਾ। ਪ੍ਰਸ਼ਾਸਨ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਹੈ।

ਇਨ੍ਹਾਂ ਲੋਕਾਂ ਦੀ ਹਾਦਸੇ ਵਿੱਚ ਮੌਤ ਹੋ ਗਈ।

ਰਾਕੇਸ਼ (21) ਪਿਤਾ ਹਰੀ ਪਟੇਲ
ਵਾਸੁਦੇਵ (40) ਪਿਤਾ ਆਸਾਰਾਮ ਪਟੇਲ
ਅਰਜੁਨ (35) ਪਿਤਾ ਗੋਵਿੰਦ ਪਟੇਲ
ਗਜਾਨੰਦ (35) ਪਿਤਾ ਗੋਪਾਲ ਪਟੇਲ
ਮੋਹਨ (48) ਪਿਤਾ ਮਨਸਾਰਾਮ ਪਟੇਲ
ਮੋਹਨ ਪਟੇਲ ਦਾ ਪੁੱਤਰ ਅਜੈ (25)
ਸ਼ਰਨ (40) ਪਿਤਾ ਸੁਖਰਾਮ ਪਟੇਲ
ਅਨਿਲ (28) ਪਿਤਾ ਆਤਮਾਰਾਮ ਪਟੇਲ

ਜਦੋਂ ਉਹ ਖੂਹ ਵਿੱਚੋਂ ਬਾਹਰ ਨਹੀਂ ਆਇਆ ਤਾਂ ਪ੍ਰਸ਼ਾਸਨ ਨੂੰ ਬੁਲਾਇਆ ਗਿਆ।

ਦੱਸਿਆ ਜਾ ਰਿਹਾ ਹੈ ਕਿ ਵੀਰਵਾਰ ਦੁਪਹਿਰ ਨੂੰ 8 ਲੋਕ ਖੂਹ ਵਿੱਚ ਡੁੱਬ ਗਏ ਅਤੇ ਸ਼ਾਮ ਤੱਕ ਬਾਹਰ ਨਹੀਂ ਆਏ। ਜਿਸ ਤੋਂ ਬਾਅਦ ਪਿੰਡ ਵਾਸੀਆਂ ਨੇ ਆਪਣੇ ਪੱਧਰ 'ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਪੁਲਿਸ ਅਤੇ ਪ੍ਰਸ਼ਾਸਨ ਨੂੰ ਵੀ ਸੂਚਿਤ ਕੀਤਾ।

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਅਤੇ ਪ੍ਰਸ਼ਾਸਨ ਦੀ ਟੀਮ ਦੇ ਨਾਲ-ਨਾਲ SDERF ਦੀ 15 ਮੈਂਬਰੀ ਟੀਮ ਵੀ ਮੌਕੇ 'ਤੇ ਪਹੁੰਚ ਗਈ। ਬਚਾਅ ਟੀਮ ਰੱਸੀ ਅਤੇ ਜਾਲ ਨਾਲ ਖੂਹ ਵਿੱਚ ਉਤਰੀ ਅਤੇ ਲਾਸ਼ਾਂ ਨੂੰ ਬਾਹਰ ਕੱਢਿਆ।

ਅਰਜੁਨ ਨੇ ਪਹਿਲਾਂ ਛਾਲ ਮਾਰੀ, ਲਾਸ਼ ਨੂੰ ਸਭ ਤੋਂ ਬਾਅਦ ਕੱਢਿਆ ਗਿਆ।

ਦੱਸਿਆ ਜਾ ਰਿਹਾ ਹੈ ਕਿ ਜਿਸ ਖੂਹ ਵਿੱਚ ਇਹ ਹਾਦਸਾ ਹੋਇਆ, ਉਸ ਪਾਸੇ ਇੱਕ ਨਾਲਾ ਹੈ। ਇਸ ਨਾਲੀ ਰਾਹੀਂ ਪਿੰਡ ਦਾ ਗੰਦਾ ਪਾਣੀ ਖੂਹ ਵਿੱਚ ਜਾਂਦਾ ਹੈ। ਜਿਸ ਕਾਰਨ ਖੂਹ ਦਲਦਲ ਵਿੱਚ ਬਦਲ ਗਿਆ ਹੈ। ਇਸ ਦਲਦਲ ਨੂੰ ਸਾਫ਼ ਕਰਨ ਲਈ, ਅਰਜੁਨ ਨਾਮ ਦਾ ਇੱਕ ਨੌਜਵਾਨ ਖੂਹ ਵਿੱਚ ਉਤਰਿਆ ਸੀ। ਸ਼ੱਕ ਹੈ ਕਿ ਮਿੱਟੀ ਕਾਰਨ ਖੂਹ ਵਿੱਚ ਜ਼ਹਿਰੀਲੀ ਗੈਸ ਬਣ ਗਈ ਸੀ, ਜਿਸ ਕਾਰਨ ਉਸਦਾ ਦਮ ਘੁੱਟ ਗਿਆ ਅਤੇ ਉਹ ਡੁੱਬ ਗਿਆ। ਇਸ ਤੋਂ ਬਾਅਦ, ਇੱਕ-ਇੱਕ ਕਰਕੇ 7 ਲੋਕ ਡੁੱਬ ਗਏ। ਅਰਜੁਨ ਦੀ ਲਾਸ਼ ਨੂੰ ਬਚਾਅ ਕਾਰਜ ਵਿੱਚ ਸਭ ਤੋਂ ਅਖੀਰ ਵਿੱਚ ਬਾਹਰ ਕੱਢਿਆ ਗਿਆ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

# ਅੰਤਰਰਾਸ਼ਟਰੀ ਗਾਜਰ ਦਿਵਸ 4 ਅਪ੍ਰੈਲ 2025 - ਗਾਜਰ ਖਾਓ ਅਤੇ ਸਿਹਤਮੰਦ ਰਹੋ - ਕੁਦਰਤ ਦੇ ਨਿਯਮ, ਗਾਜਰ ਦੇ ਫਾਇਦੇ



ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ

**ਗਾਜਰ ਦਿਵਸ ਮਨਾਉਣ ਦਾ ਉਦੇਸ਼ ਲੋਕਾਂ ਵਿੱਚ ਪੌਸ਼ਟਿਕ ਭੋਜਨ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਜੰਕ ਅਤੇ ਚਾਈਨੀਜ਼ ਫੂਡ ਦੇ ਮੌਜੂਦਾ ਯੁੱਗ ਵਿੱਚ, ਪੌਸ਼ਟਿਕ ਤੱਤਾਂ ਨਾਲ ਭਰਪੂਰ ਕੁਦਰਤੀ ਅਤੇ ਇਮਿਊਨਿਟੀ ਵਧਾਉਣ ਵਾਲੇ ਭੋਜਨ ਅਤੇ ਫਲਾਂ ਦਾ ਸੇਵਨ ਕਰਨਾ ਜ਼ਰੂਰੀ ਹੈ - ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ।**

ਗੋਂਡੀਆ - ਹਰ ਸਾਲ ਵਿਸ਼ਵ ਪੱਧਰ 'ਤੇ ਅਸੀਂ ਦੇਖਦੇ ਹਾਂ ਕਿ ਸਾਲ ਦੇ ਕਈ ਦਿਨ ਕਿਸੇ ਨਾ ਕਿਸੇ ਦਿਨ ਵਜੋਂ ਮਨਾਏ ਜਾਂਦੇ ਹਨ, ਜੋ ਕਿ ਜਨਤਕ ਹਿੱਤ ਵਿੱਚ ਉਸ ਵਿਸ਼ੇ 'ਤੇ ਜਾਗਰੂਕਤਾ ਫੈਲਾਉਣ ਲਈ ਮਨਾਏ ਜਾਂਦੇ ਹਨ। ਦੁਨੀਆ ਭਰ ਦੇ ਮਨੁੱਖਾਂ ਦੇ ਸੁਚਾਰੂ ਕੰਮਕਾਜ ਲਈ ਮੁੱਢਲੀ ਸਿਹਤ ਸੰਭਾਲ ਬਹੁਤ ਸਾਰੀਆਂ ਜ਼ਰੂਰਤਾਂ ਵਿੱਚੋਂ ਇੱਕ ਹੈ। ਬਜ਼ੁਰਗਾਂ ਦਾ ਮੰਨਣਾ ਹੈ ਕਿ ਜੇਕਰ ਕੋਈ ਜੀਵ ਹੈ, ਤਾਂ ਇੱਕ ਸੰਸਾਰ ਹੈ, ਯਾਨੀ ਕੋਈ ਜੀਵ ਉਦੋਂ ਹੀ ਸੁਰੱਖਿਅਤ ਰਹੇਗਾ ਜਦੋਂ ਉਹ ਸਿਹਤਮੰਦ ਹੋਵੇਗਾ, ਉਹ ਉਦੋਂ ਹੀ ਸਿਹਤਮੰਦ ਰਹੇਗਾ ਜਦੋਂ ਉਸ ਵਿੱਚ ਪੂਰੀ ਤਰ੍ਹਾਂ ਇਮਿਊਨਿਟੀ ਹੋਵੇਗੀ, ਜੋ ਹਰ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਕਰਦੀ ਹੈ। ਪੌਸ਼ਟਿਕ ਭੋਜਨ ਖਾਣ ਨਾਲ ਸਰੀਰ ਮਜ਼ਬੂਤ ਬਣਦਾ ਹੈ; ਇਸ ਲਈ ਅਸੀਂ ਆਪਣੀ ਜ਼ਿੰਦਗੀ ਵਿੱਚ ਸੱਚੀ ਖੁਸ਼ੀ ਤਾਂ ਹੀ ਮਾਣ ਸਕਦੇ ਹਾਂ ਜੇਕਰ ਅਸੀਂ ਸਿਹਤਮੰਦ ਹਾਂ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ 4 ਅਪ੍ਰੈਲ 2025 ਨੂੰ ਅੰਤਰਰਾਸ਼ ਟਰੀ ਗਾਜਰ ਦਿਵਸ ਹੈ, ਜੋ ਕਿ ਪੂਰੀ ਦੁਨੀਆ ਵਿੱਚ ਗੰਭੀਰਤਾ ਨਾਲ ਮਨਾਇਆ ਜਾਂਦਾ ਹੈ, ਤਾਂ ਜੋ ਲੋਕਾਂ ਵਿੱਚ ਪੌਸ਼ਟਿਕ ਆਧਾਰ ਬਾਰੇ ਜਾਗਰੂਕਤਾ ਫੈਲਾਈ ਜਾ ਸਕੇ ਤਾਂ ਜੋ ਉਨ੍ਹਾਂ ਦਾ ਜੀਵਨ ਖੁਸ਼ਹਾਲ ਅਤੇ ਸਿਹਤਮੰਦ ਰਹਿ ਸਕੇ ਅਤੇ ਉਹ ਆਪਣੀ ਜ਼ਿੰਦਗੀ ਨੂੰ ਸੁਚਾਰੂ ਢੰਗ ਨਾਲ ਚਲਾ ਸਕਣ ਅਤੇ ਦੇਸ਼ ਦੀ ਸੇਵਾ ਵਿੱਚ ਹਿੱਸਾ ਲੈ ਸਕਣ। ਜੰਕ ਅਤੇ ਚਾਈਨੀਜ਼ ਫੂਡ ਦੇ ਮੌਜੂਦਾ ਯੁੱਗ ਵਿੱਚ, ਕੁਦਰਤੀ ਇਮਿਊਨਿਟੀ ਵਧਾਉਣ ਵਾਲੇ ਭੋਜਨ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਫਲਾਂ ਦਾ ਸੇਵਨ ਕਰਨਾ ਬਹੁਤ ਜ਼ਰੂਰੀ ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਇਸ ਬਾਰੇ ਚਰਚਾ ਕਰਾਂਗੇ। ਅੰਤਰਰਾਸ਼ਟਰੀ ਗਾਜਰ ਦਿਵਸ 4 ਅਪ੍ਰੈਲ 2025, ਗਾਜਰ ਖਾਓ ਸਿਹਤਮੰਦ ਰਹੋ। ਕੁਦਰਤ ਦੇ ਨਿਯਮ: ਗਾਜਰ ਦੇ ਫਾਇਦੇ।

ਦੋਸਤੋ, ਜੇਕਰ ਅਸੀਂ ਗਾਜਰ ਦਿਵਸ ਮਨਾਉਣ ਦੀ ਗੱਲ ਕਰੀਏ, ਤਾਂ ਅੰਤਰਰਾਸ਼ਟਰੀ ਗਾਜਰ ਦਿਵਸ ਦੀ ਸਥਾਪਨਾ ਸਾਲ 2003 ਵਿੱਚ ਹੋਈ ਸੀ ਅਤੇ ਇਸ ਤੋਂ ਬਾਅਦ, 2012 ਵਿੱਚ, ਇਹ ਦੁਨੀਆ ਦੇ ਵੱਖ-ਵੱਖ ਕੋਨਿਆਂ ਵਿੱਚ ਪਹੁੰਚ ਗਿਆ। ਮਾਹਿਰਾਂ ਦਾ ਮੰਨਣਾ ਹੈ ਕਿ ਏਸ਼ੀਆ ਦੇ ਲੋਕਾਂ ਨੇ ਸਭ ਤੋਂ ਪਹਿਲਾਂ ਗਾਜਰ ਦੀ ਕਾਸ਼ਤ ਸ਼ੁਰੂ ਕੀਤੀ ਸੀ। ਹਰ ਸਾਲ 4 ਅਪ੍ਰੈਲ ਨੂੰ ਵਿਸ਼ਵ ਗਾਜਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸਦਾ ਮਕਸਦ ਲੋਕਾਂ ਨੂੰ ਗਾਜਰ ਦੇ ਫਾਇਦਿਆਂ ਤੋਂ ਜਾਣੂ ਕਰਵਾਉਣਾ ਹੈ। ਦਰਅਸਲ, ਇੱਕ ਪਾਸੇ, ਦੇਸ਼ ਭਰ ਵਿੱਚ ਜੰਕ ਫੂਡ ਨਾਲ ਸਬੰਧਤ ਦਿਨ 'ਤੇ ਬਹੁਤ ਜ਼ੋਰ ਦਿੱਤਾ ਜਾ ਰਿਹਾ ਹੈ। ਗਾਜਰ ਦਿਵਸ ਮਨਾਉਣ ਦਾ ਉਦੇਸ਼ ਦੇਸ਼ ਦੇ ਲੋਕਾਂ ਵਿੱਚ ਪੌਸ਼ਟਿਕ ਭੋਜਨ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਇਸ ਲਈ, ਅੰਤਰਰਾਸ਼ਟਰੀ ਗਾਜਰ ਦਿਵਸ ਗਾਜਰ ਦੀਆਂ ਸਾਰੀਆਂ ਵੱਖ-ਵੱਖ ਕਿਸਮਾਂ ਅਤੇ ਇਸਦੇ ਹੋਰ ਫਾਇਦਿਆਂ ਬਾਰੇ ਜਾਣਨ ਦਾ ਇੱਕ ਸੰਪੂਰਨ ਮੌਕਾ ਹੈ।

ਦੋਸਤੋ, ਜੇਕਰ ਅਸੀਂ ਗਾਜਰ ਖਾਣ ਦੇ ਫਾਇਦਿਆਂ ਬਾਰੇ ਗੱਲ ਕਰੀਏ, ਤਾਂ ਮਾਹਿਰਾਂ ਦਾ ਮੰਨਣਾ ਹੈ ਕਿ ਗਾਜਰ ਦੀ ਉਤਪਤੀ ਪੰਜਾਬ ਅਤੇ ਕਸ਼ਮੀਰ ਦੀਆਂ ਪਹਾੜੀਆਂ ਤੋਂ ਹੋਈ ਹੈ। ਉੱਥੇ ਇਹ ਚਾਰ ਵੱਖ-ਵੱਖ ਰੰਗਾਂ ਵਿੱਚ ਮਿਲਦਾ ਹੈ। ਲਾਲ, ਪੀਲਾ, ਸੰਤਰੀ ਅਤੇ ਕਾਲਾ, ਸਾਰਿਆਂ ਦੇ ਆਪਣੇ ਫਾਇਦੇ ਹਨ। ਆਓ ਜਾਣਦੇ ਹਾਂ ਗਾਜਰ ਖਾਣ ਦੇ ਫਾਇਦਿਆਂ ਬਾਰੇ। ਅੱਖਾਂ ਲਈ ਗਾਜਰ ਖਾਣ ਦੇ ਫਾਇਦੇ - ਗਾਜਰ ਅੱਖਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਗਾਜਰ ਵਿੱਚ ਬੀਟਾ ਕੈਰੋਟੀਨ, ਅਲਫ਼ਾ ਕੈਰੋਟੀਨ ਅਤੇ ਲੁਟੀਨ ਨਾਮਕ ਜੈਵਿਕ ਰੰਗ ਹੁੰਦੇ ਹਨ ਜੋ ਗਾਜਰ ਵਿੱਚ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ। ਬੀਟਾ ਕੈਰੋਟੀਨ ਉਮਰ ਦੇ ਨਾਲ ਹੋਣ ਵਾਲੀਆਂ ਅੱਖਾਂ ਦੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਣ ਵਿੱਚ ਮਦਦ ਕਰ ਸਕਦਾ ਹੈ। ਇਸ ਤੋਂ ਇਲਾਵਾ, ਇਸ ਵਿੱਚ ਵਿਟਾਮਿਨ ਸੀ ਵਰਗੇ ਹੋਰ ਖਣਿਜ ਵੀ ਪਾਏ ਜਾਂਦੇ ਹਨ ਜੋ ਵਧਦੀ ਉਮਰ ਕਾਰਨ ਹੋਣ ਵਾਲੇ ਮੈਕੂਲਰ ਡੀਜਨਰੇਸ਼ਨ ਤੋਂ ਰਾਹਤ ਦਿਵਾਉਣ ਵਿੱਚ ਮਦਦਗਾਰ ਹੁੰਦੇ ਹਨ। ਦਿਲ-ਦਿਲ ਦੇ ਮਰੀਜ਼ਾਂ ਨੂੰ ਗਾਜਰ ਖਾਣ ਨਾਲ ਵੀ ਫਾਇਦਾ ਹੋ ਸਕਦਾ ਹੈ। ਇਹ ਖੂਨ ਵਿੱਚ ਕੋਲੈਸਟ੍ਰੋਲ ਦੇ ਪੱਧਰ ਨੂੰ ਕੰਟਰੋਲ ਕਰਕੇ ਦਿਲ ਦੀ ਬਿਮਾਰੀ ਦੇ ਜੋਖਮ ਨੂੰ ਘਟਾ ਸਕਦਾ ਹੈ, ਇਸ ਵਿੱਚ ਮੌਜੂਦ ਐਂਟੀਆਕਸੀਡੈਂਟ ਦਿਲ ਲਈ ਫਾਇਦੇਮੰਦ ਹੁੰਦੇ ਹਨ, ਇਸ ਤੋਂ ਇਲਾਵਾ ਗਾਜਰ ਵਿੱਚ ਮੌਜੂਦ ਪੋਟਾਸ਼ੀਅਮ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਗਾਜਰ ਵਿੱਚ ਪਾਇਆ ਜਾਣ ਵਾਲਾ ਫਾਈਬਰ ਭਾਰ ਨੂੰ ਕੰਟਰੋਲ ਕਰ ਸਕਦਾ ਹੈ ਅਤੇ ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾ ਸਕਦਾ ਹੈ। ਇਸ ਤੋਂ ਇਲਾਵਾ, ਜੇਕਰ ਅਸੀਂ ਲਾਲ ਲਸਣ ਦੀ ਗੱਲ ਕਰੀਏ ਤਾਂ ਇਸ ਵਿੱਚ ਲਾਈਕੋਪੀਨ ਹੁੰਦਾ ਹੈ ਜੋ ਦਿਲ ਦੀ ਬਿਮਾਰੀ ਤੋਂ ਬਚਾਉਂਦਾ ਹੈ। ਇਮਿਊਨਿਟੀ - ਗਾਜਰ ਵਿੱਚ ਐਂਟੀ-ਆਕਸੀਡੈਂਟ ਅਤੇ ਐਂਟੀ-ਇੰਫਲੇਮੇਟਰੀ ਗੁਣ ਹੁੰਦੇ ਹਨ ਜੋ ਇਮਿਊਨਿਟੀ ਵਧਾਉਣ ਵਿੱਚ ਮਦਦ ਕਰਦੇ ਹਨ। ਇਸ ਤੋਂ ਇਲਾਵਾ, ਇਸ ਵਿੱਚ ਮੌਜੂਦ ਬੀਟਾ ਕੈਰੋਟੀਨ ਅਤੇ ਜੈਵਿਕ ਮਿਸ਼ਰਣ ਸਰੀਰ ਨੂੰ ਕਈ ਛੂਤ ਦੀਆਂ ਬਿਮਾਰੀਆਂ ਤੋਂ ਬਚਾਉਣ ਦਾ ਕੰਮ ਕਰਦੇ ਹਨ, ਇਹ ਸਾਰੇ ਮਿਸ਼ਰਣ ਬਿਮਾਰੀ ਤੋਂ ਬਾਅਦ ਸਰੀਰ ਦੀ ਰਿਕਵਰੀ ਨੂੰ ਤੇਜ਼ ਕਰਦੇ ਹਨ। ਪਾਚਨ ਕਿਰਿਆ - ਗਾਜਰ ਵਿੱਚ ਫਾਈਬਰ ਦੀ ਮੌਜੂਦਗੀ ਤੁਹਾਨੂੰ ਕਬਜ਼ ਤੋਂ ਰਾਹਤ ਦਿਵਾ ਸਕਦੀ ਹੈ। ਜੇਕਰ ਤੁਹਾਡਾ ਪੇਟ ਸਾਫ਼ ਨਹੀਂ ਹੋ ਰਿਹਾ ਹੈ ਤਾਂ ਆਪਣੀ ਖੁਰਾਕ ਵਿੱਚ ਕੁਝ ਕੱਚੀਆਂ ਗਾਜਰਾਂ ਸ਼ਾਮਲ ਕਰੋ, ਇਸ ਨਾਲ ਅੰਤੜੀਆਂ ਦੀ ਗਤੀ ਆਸਾਨ ਹੋ ਜਾਂਦੀ ਹੈ, ਇਸ ਤੋਂ ਇਲਾਵਾ ਗਾਜਰ ਹੱਡੀਆਂ ਨੂੰ ਸਿਹਤਮੰਦ ਰੱਖਣ ਵਿੱਚ ਵੀ ਮਦਦ ਕਰ ਸਕਦੀ ਹੈ, ਕਿਉਂਕਿ ਇਸ ਵਿੱਚ ਕੈਲਸ਼ੀਅਮ ਵੀ ਪਾਇਆ ਜਾਂਦਾ ਹੈ। ਚਮੜੀ - ਗਾਜਰ ਵਿੱਚ ਮੌਜੂਦ ਬੀਟਾ-ਕੈਰੋਟੀਨ ਇੱਕ ਪ੍ਰਭਾਵਸ਼ਾਲੀ ਐਂਟੀ-ਆਕਸੀਡੈਂਟ ਹੈ ਜੋ ਐਂਟੀ-ਏਜਿੰਗ ਦੇ ਚਿਗਿਆਨ ਨੂੰ ਘਟਾਉਂਦਾ ਹੈ।




ਦੋਸਤੋ, ਗਾਜਰਾਂ ਬਾਰੇ ਕੁਝ ਸਪੱਸ਼ਟ ਤੱਥ ਇਹ ਹਨ: (1) ਗਾਜਰਾਂ ਨੂੰ ਕੱਚਾ, ਭੁੰਨਿਆ, ਭੁੰਲਿਆ ਜਾਂ ਸੂਪ ਅਤੇ ਸਮੂਦੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। (2) ਗਾਜਰ ਦਾ ਰਸ, ਜੋ ਕਿ ਆਪਣੇ ਤਾਜ਼ਗੀ ਭਰੇ ਸੁਆਦ ਅਤੇ ਸਿਹਤ ਲਾਭਾਂ ਲਈ ਜਾਣਿਆ ਜਾਂਦਾ ਹੈ। (3) ਗਾਜਰ ਰਸੋਈ ਵਿੱਚ ਆਪਣੀ ਬਹੁਪੱਖੀ ਵਰਤੋਂ ਲਈ ਜਾਣੀ ਜਾਂਦੀ ਹੈ। (4) ਗਾਜਰ ਸੂਪ, ਸਟੂਅ ਅਤੇ ਸਲਾਦ ਵਿੱਚ ਵੀ ਇੱਕ ਪ੍ਰਸਿੱਧ ਸਮੱਗਰੀ ਹੈ। (5) ਗਾਜਰ ਕਈ ਤਰ੍ਹਾਂ ਦੇ ਸੁਆਦਾਂ ਦੇ ਨਾਲ ਚੰਗੀ ਤਰ੍ਹਾਂ ਮਿਲਦੀ ਹੈ, ਜਿਸ ਵਿੱਚ ਅਦਰਕ, ਲਸਣ, ਸ਼ਹਿਦ ਅਤੇ ਬਾਲਸੈਮਿਕ ਸਿਰਕਾ ਸ਼ਾਮਲ ਹਨ। (6) ਗਾਜਰ ਘੋੜਿਆਂ ਅਤੇ ਹੋਰ ਜਾਨਵਰਾਂ ਲਈ ਵੀ ਇੱਕ ਪ੍ਰਸਿੱਧ ਉਪਚਾਰ ਹੈ। (7) ਗਾਜਰ ਸ਼ਬਦ ਯੂਨਾਨੀ ਸ਼ਬਦ ਕੈਰੋਟਨ ਤੋਂ ਆਇਆ ਹੈ, ਜਿਸਦਾ ਅਰਥ ਹੈ ਸਿੰਗ ਜਾਂ ਜੜ੍ਹ। ਅੰਤਰਰਾਸ਼ਟਰੀ ਗਾਜਰ ਦਿਵਸ ਦੁਨੀਆ ਭਰ ਦੇ ਗਾਜਰ ਪ੍ਰੇਮੀਆਂ ਲਈ ਹੈ ਅਤੇ ਇਹ ਗਾਜਰ ਖਾ ਕੇ ਅਤੇ ਗਾਜਰ ਪਾਰਟੀਆਂ ਦਾ ਆਯੋਜਨ ਕਰਕੇ ਮਨਾਇਆ ਜਾਂਦਾ ਹੈ। ਇਸਨੂੰ 2003 ਵਿੱਚ ਸਬਜ਼ੀ ਬਾਰੇ ਜਾਣਕਾਰੀ ਫੈਲਾਉਣ ਲਈ ਬਣਾਇਆ ਗਿਆ ਸੀ। ਇਹ ਸਮਝ ਆਉਂਦਾ ਹੈ ਕਿ ਗਾਜਰਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ, ਕਿਉਂਕਿ ਇਹ ਦੁਨੀਆ ਦੀਆਂ ਦਸ ਸਭ ਤੋਂ ਮਹੱਤਵਪੂਰਨ ਆਰਥਿਕ ਤੌਰ 'ਤੇ ਮਹੱਤਵਪੂਰਨ ਸਬਜ਼ੀਆਂ ਵਿੱਚੋਂ ਇੱਕ ਹਨ। ਗਾਜਰ ਜੜ੍ਹਾਂ ਵਾਲੀਆਂ ਸਬਜ਼ੀਆਂ ਹਨ। ਇਹ ਆਮ ਤੌਰ 'ਤੇ ਸੰਤਰੀ ਰੰਗ ਦੇ ਹੁੰਦੇ ਹਨ, ਹਾਲਾਂਕਿ ਇਹ ਲਾਲ, ਜਾਮਨੀ, ਕਾਲਾ, ਚਿੱਟਾ ਜਾਂ ਪੀਲਾ ਵੀ ਹੋ ਸਕਦਾ ਹੈ। ਇਹ ਟੇਪਰੂਟ ਹੈ ਜੋ ਸਭ ਤੋਂ ਵੱਧ ਖਾਧਾ ਜਾਂਦਾ ਹੈ, ਹਾਲਾਂਕਿ ਪੱਤੇ ਅਤੇ ਬੀਜ ਵੀ ਖਾਧੇ ਜਾ ਸਕਦੇ ਹਨ, ਅਤੇ ਇਸ ਤਰ੍ਹਾਂ ਪੌਦੇ ਦੀ ਅਸਲ ਵਿੱਚ ਕਾਸ਼ਤ ਕੀਤੀ ਗਈ ਸੀ। ਆਧੁਨਿਕ ਗਾਜਰਾਂ ਨੂੰ ਜੰਗਲੀ ਗਾਜਰਾਂ ਤੋਂ ਪਾਲਿਆ ਜਾਂਦਾ ਸੀ, ਜੋ ਸ਼ਾਇਦ ਪਰਸ਼ੀਆ ਵਿੱਚ ਉਤਪੰਨ ਹੋਈਆਂ ਸਨ, ਇੱਕ ਅਜਿਹਾ ਖੇਤਰ ਜੋ ਹੁਣ ਅਫਗਾਨਿਸਤਾਨ ਅਤੇ ਈਰਾਨ ਹੈ। ਇਹਨਾਂ ਨੂੰ ਚੋਣਵੇਂ ਤੌਰ 'ਤੇ ਵੱਡੇ, ਘੱਟ ਲੱਕੜੀ ਵਾਲੇ ਅਤੇ ਕੌੜੇ ਸੁਆਦ ਵਾਲੇ, ਅਤੇ ਮਿੱਠੇ ਹੋਣ ਲਈ ਪੈਦਾ ਕੀਤਾ ਗਿਆ ਸੀ। ਲਿਖਤਾਂ ਵਿੱਚ ਜ਼ਿਕਰ ਹੈ ਕਿ ਰੋਮਨ ਸ਼ਾਇਦ ਪਹਿਲੀ ਸਦੀ ਈਸਵੀ ਵਿੱਚ ਗਾਜਰ ਖਾਂਦੇ ਸਨ। ਛੇਵੀਂ ਸਦੀ ਦੇ ਯੂਨਾਨੀ ਜੂਲੀਆਨਾ ਐਨੀਸੀਆ ਕੋਡੈਕਸ ਵਿੱਚ ਗਾਜਰ ਦੀਆਂ ਤਿੰਨ ਵੱਖ-ਵੱਖ ਕਿਸਮਾਂ ਦਾ ਜ਼ਿਕਰ ਹੈ। ਗਾਜਰ ਅੱਠਵੀਂ ਸਦੀ ਵਿੱਚ ਸਪੇਨ ਪਹੁੰਚੇ, ਅਤੇ ਜਿਸ ਆਧੁਨਿਕ ਗਾਜਰ ਨਾਲ ਅਸੀਂ ਅੱਜ ਜਾਣੂ ਹਾਂ, ਉਸਦੀ ਕਾਸ਼ਤ ਪਹਿਲੀ ਵਾਰ ਦਸਵੀਂ ਸਦੀ ਦੇ ਆਸਪਾਸ ਅਫਗਾਨਿਸਤਾਨ ਵਿੱਚ ਕੀਤੀ ਗਈ ਸੀ। ਇਹ ਗਾਜਰ ਆਮ ਤੌਰ 'ਤੇ ਜਾਮਨੀ ਜਾਂ ਪੀਲੇ ਰੰਗ ਦੀ ਹੁੰਦੀ ਹੈ ਜਿਸ ਦੀਆਂ ਜੜ੍ਹਾਂ ਸ਼ਾਖਾਵਾਂ ਵਾਲੀਆਂ ਹੁੰਦੀਆਂ ਹਨ ਅਤੇ ਇਸਨੂੰ ਪੂਰਬੀ ਗਾਜਰ ਕਿਹਾ ਜਾਂਦਾ ਹੈ। ਕਾਸ਼ਤ ਕੀਤੀਆਂ ਗਾਜਰਾਂ ਚੌਦਵੀਂ ਸਦੀ ਤੱਕ ਚੀਨ ਅਤੇ ਅਠਾਰਵੀਂ ਸਦੀ ਤੱਕ ਜਾਪਾਨ ਪਹੁੰਚ ਗਈਆਂ। ਉਨ੍ਹਾਂ ਨੂੰ ਸਤਾਰ੍ਹਵੀਂ ਸਦੀ ਵਿੱਚ ਯੂਰਪੀਅਨਾਂ ਦੁਆਰਾ ਬਸਤੀਵਾਦੀ ਅਮਰੀਕਾ ਲਿਆਂਦਾ ਗਿਆ ਸੀ। ਪੱਛਮੀ ਗਾਜਰ ਆਮ ਤੌਰ 'ਤੇ ਸੰਤਰੀ ਰੰਗ ਦੇ ਹੁੰਦੇ ਹਨ ਅਤੇ ਸਤਾਰ੍ਹਵੀਂ ਸਦੀ ਵਿੱਚ ਨੀਦਰਲੈਂਡਜ਼ ਵਿੱਚ ਇਸਦੀ ਕਾਸ਼ਤ ਸ਼ੁਰੂ ਹੋਈ ਸੀ। ਗਾਜਰਾਂ ਨੂੰ ਬੀਜ ਤੋਂ ਪੱਕਣ ਲਈ ਤਿੰਨ ਤੋਂ ਚਾਰ ਮਹੀਨੇ ਲੱਗਦੇ ਹਨ ਅਤੇ ਇਸ ਵਿੱਚ ਕੈਰੋਟੀਨ, ਵਿਟਾਮਿਨ ਕੇ ਅਤੇ ਵਿਟਾਮਿਨ ਬੀ6 ਦੀ ਉੱਚ ਮਾਤਰਾ ਹੁੰਦੀ ਹੈ। ਇਹਨਾਂ ਨੂੰ ਕਈ ਤਰੀਕਿਆਂ ਨਾਲ ਖਾਧਾ ਜਾ ਸਕਦਾ ਹੈ: ਕੱਚਾ (ਬੇਬੀ ਗਾਜਰ 1980 ਦੇ ਦਹਾਕੇ ਵਿੱਚ ਮਾਰਕੀਟ ਵਿੱਚ ਆਉਣਾ ਸ਼ੁਰੂ ਹੋਇਆ), ਸਲਾਦ ਵਿੱਚ, ਕੱਟੇ ਹੋਏ ਅਤੇ ਉਬਾਲੇ ਹੋਏ, ਤਲੇ ਹੋਏ, ਭੁੰਨੇ ਹੋਏ, ਸੂਪ ਅਤੇ ਸਟੂਅ ਵਿੱਚ, ਅਤੇ ਬਰੇਥ ਵਿੱਚ। ਇਹਨਾਂ ਨੂੰ ਚਿਪਸ, ਫਲੇਕਸ ਅਤੇ ਪਾਊਡਰ ਬਣਾਇਆ ਜਾ ਸਕਦਾ ਹੈ; ਕੇਕ, ਪੁਡਿੰਗ, ਜੈਮ ਅਤੇ ਸੁਰੱਖਿਅਤ ਬਣਾਉਣ ਲਈ ਵਰਤਿਆ ਜਾ ਸਕਦਾ ਹੈ; ਅਤੇ ਜੂਸ ਵਿੱਚ ਬਣਾਇਆ ਜਾ ਸਕਦਾ ਹੈ। ਇਹਨਾਂ ਨੂੰ ਬੱਚਿਆਂ ਅਤੇ ਪਾਲਤੂ ਜਾਨਵਰਾਂ ਦੇ ਭੋਜਨ ਵਿੱਚ ਵੀ ਵਰਤਿਆ ਜਾ ਸਕਦਾ ਹੈ। ਦੋਸਤੋ, ਜੇਕਰ ਅਸੀਂ ਅੰਤਰਰਾਸ਼ਟਰੀ ਗਾਜਰ ਦਿਵਸ ਦੇ ਇਤਿਹਾਸ ਅਤੇ ਮਹੱਤਵ ਬਾਰੇ ਗੱਲ ਕਰੀਏ, ਤਾਂ ਅੰਤਰਰਾਸ਼ਟਰੀ ਗਾਜਰ ਦਿਵਸ ਦਾ ਇਤਿਹਾਸ- ਗਾਜਰ ਦਾ ਬਨਸਪਤੀ ਨਾਮ ਡੌਕਸ ਕੈਰੋਟਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਏਸ਼ੀਆ ਦੇ ਲੋਕਾਂ ਨੇ ਸਭ ਤੋਂ ਪਹਿਲਾਂ ਗਾਜਰ ਦੀ ਕਾਸ਼ਤ ਸ਼ੁਰੂ ਕੀਤੀ ਅਤੇ ਉੱਥੋਂ ਇਹ ਦੁਨੀਆ ਦੇ ਦੂਜੇ ਦੇਸ਼ਾਂ ਵਿੱਚ ਪਹੁੰਚ ਗਈ। ਗਾਜਰ ਚਾਰ ਵੱਖ-ਵੱਖ ਰੰਗਾਂ ਵਿੱਚ ਪਾਏ ਜਾਂਦੇ ਹਨ - ਲਾਲ, ਪੀਲਾ, ਸੰਤਰੀ ਅਤੇ ਕਾਲਾ। ਅੰਤਰਰਾਸ਼ਟਰੀ ਗਾਜਰ ਦਿਵਸ ਦੀ ਸਥਾਪਨਾ ਸਾਲ 2003 ਵਿੱਚ ਕੀਤੀ ਗਈ ਸੀ। ਜਿਸ ਤੋਂ ਬਾਅਦ, ਸਾਲ 2012 ਤੱਕ, ਇਹ ਦੁਨੀਆ ਭਰ ਵਿੱਚ ਉਨ੍ਹਾਂ ਸਾਰੀਆਂ ਥਾਵਾਂ 'ਤੇ ਫੈਲ ਗਿਆ ਜਿੱਥੇ ਲੋਕ ਗਾਜਰ ਬਾਰੇ ਜਾਣਦੇ ਸਨ। ਤੁਹਾਨੂੰ ਦੱਸ ਦੇਈਏ ਕਿ ਗਾਜਰ ਦਿਵਸ ਮਨਾਉਣ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਫਰਾਂਸ ਅਤੇ ਸਵੀਡਨ ਵਿੱਚ ਹੋਈ ਸੀ। ਇਸ ਤੋਂ ਬਾਅਦ, ਭਾਰਤ, ਜਾਪਾਨ, ਰੂਸ, ਇਟਲੀ ਸਮੇਤ ਦੁਨੀਆ ਦੇ ਕਈ ਦੇਸ਼ਾਂ ਵਿੱਚ ਵਿਸ਼ਵ ਗਾਜਰ ਦਿਵਸ ਮਨਾਇਆ ਜਾਣ ਲੱਗਾ। ਗਾਜਰ ਦਿਵਸ ਮਨਾਉਣ ਦਾ ਮਕਸਦ ਦੇਸ਼ ਦੇ ਲੋਕਾਂ ਵਿੱਚ ਗਾਜਰ ਵਰਗੇ ਪੌਸ਼ਟਿਕ ਭੋਜਨ ਪ੍ਰਤੀ ਜਾਗਰੂਕਤਾ ਵਧਾਉਣਾ ਸੀ। ਅੰਤਰਰਾਸ਼ਟਰੀ ਗਾਜਰ ਦਿਵਸ ਮਨਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਇਸ ਪੌਸ਼ਟਿਕ ਤੱਤਾਂ ਨਾਲ ਭਰਪੂਰ ਸਬਜ਼ੀ ਦਾ ਵੱਧ ਤੋਂ ਵੱਧ ਸੇਵਨ ਕਰਨਾ। ਗਾਜਰ ਦੀ ਖਾਸੀਅਤ ਇਹ ਹੈ ਕਿ ਤੁਸੀਂ ਇਸਨੂੰ ਜ਼ਿਆਦਾਤਰ ਸਬਜ਼ੀਆਂ ਬਣਾਉਂਦੇ ਸਮੇਂ ਵਰਤ ਸਕਦੇ ਹੋ। ਭਾਵੇਂ ਇਹ ਦੁਪਹਿਰ ਦੇ ਖਾਣੇ ਲਈ ਤਿਆਰ ਕੀਤੀਆਂ ਮਿਕਸ ਸਬਜ਼ੀਆਂ ਹੋਣ ਜਾਂ ਰਾਤ ਦੇ ਖਾਣੇ ਤੋਂ ਬਾਅਦ ਪਰੋਸਿਆ ਜਾਣ ਵਾਲਾ ਹਲਵਾ, ਗਾਜਰ ਕਿਸੇ ਵੀ ਰੂਪ ਵਿੱਚ ਖਾਧੀ ਜਾ ਸਕਦੀ ਹੈ।

ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਅੰਤਰਰਾਸ਼ਟਰੀ ਗਾਜਰ ਦਿਵਸ 4 ਅਪ੍ਰੈਲ 2025 -ਗਾਜਰ ਖਾਓ ਅਤੇ ਸਿਹਤਮੰਦ ਰਹੋ - ਕੁਦਰਤ ਦੇ ਨਿਯਮ, ਗਾਜਰ ਦੇ ਫਾਇਦੇ। ਗਾਜਰ ਦਿਵਸ ਮਨਾਉਣ ਦਾ ਉਦੇਸ਼ ਲੋਕਾਂ ਵਿੱਚ ਪੌਸ਼ਟਿਕ ਭੋਜਨ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਜੰਕ ਅਤੇ ਚਾਈਨੀਜ਼ ਫੂਡ ਦੇ ਮੌਜੂਦਾ ਯੁੱਗ ਵਿੱਚ, ਪੌਸ਼ਟਿਕ ਤੱਤਾਂ ਨਾਲ ਭਰਪੂਰ ਕੁਦਰਤੀ ਅਤੇ ਇਮਿਊਨਿਟੀ ਵਧਾਉਣ ਵਾਲੇ ਭੋਜਨ ਅਤੇ ਫਲਾਂ ਦਾ ਸੇਵਨ ਕਰਨਾ ਮਹੱਤਵਪੂਰਨ ਹੈ।

-ਕੰਪਾਈਲਰ ਲੇਖਕ - ਕਾਰ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏ.ਟੀ.ਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9284141425

# ਨਾਜਾਇਜ਼ ਮਾਈਨਿੰਗ ਅਤੇ ਭ੍ਰਿਸ਼ਟਾਚਾਰ ਘਟਾਉਣ ਲਈ ਮੁੱਖ ਮੰਤਰੀ ਦੀ ਅਗਵਾਈ ਹੇਠ ਵਜ਼ਾਰਤ ਵੱਲੋਂ ਮਾਈਨਿੰਗ ਨੀਤੀ ਵਿੱਚ ਸੋਧਾਂ ਨੂੰ ਮਨਜ਼ੂਰੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਜ਼ਾਰਤ ਨੇ ਅੱਜ ਅਹਿਮ ਫੈਸਲਾ ਲੈਂਦਿਆਂ ਸੂਬੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਰੋਕਣ ਅਤੇ ਰੇਤਾ ਤੇ ਬਜਰੀ ਦੀਆਂ ਕੀਮਤਾਂ ਹੋਰ ਘਟਾਉਣ ਲਈ ਰਾਹ ਪੱਧਰਾ ਕਰ ਦਿੱਤਾ।

ਇਸ ਸਬੰਧੀ ਫੈਸਲਾ ਇੱਥੇ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ 'PUNJAB ਰਾਜ ਮਾਈਨਰ ਮਿਨਰਲ ਨੀਤੀ' ਵਿੱਚ ਸੋਧ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਸ ਦਾ ਉਦੇਸ਼ ਬਾਜ਼ਾਰ ਵਿੱਚ ਕੱਚੇ ਮਾਲ ਦੀ ਸਪਲਾਈ ਵਧਾਉਣਾ, ਗ਼ੈਰ-ਕਾਨੂੰਨੀ ਮਾਈਨਿੰਗ ਤੇ ਭ੍ਰਿਸ਼ਟਾਚਾਰ ਨੂੰ ਘਟਾਉਣਾ, ਸੂਬੇ ਦਾ ਮਾਲੀਆ ਵਧਾਉਣਾ ਅਤੇ ਮਾਈਨਿੰਗ ਖ਼ੇਤਰ ਵਿੱਚ ਸੰਭਾਵੀ ਇਜਾਰੇਦਾਰੀ ਨੂੰ ਖ਼ਤਮ ਕਰਨਾ ਹੈ। ਇਹ ਸੋਧ ਕਰੱਸ਼ਰ ਮਾਈਨਿੰਗ ਸਾਈਟਾਂ (ਸੀ.ਆਰ.ਐਮ.ਐਸ.) ਨਾਲ ਸਬੰਧਤ ਹੈ, ਜਿਸ ਨਾਲ ਕਰੱਸ਼ਰ ਮਾਲਕ, ਜਿਨ੍ਹਾਂ ਕੋਲ ਬਜਰੀ ਵਾਲੀ ਜ਼ਮੀਨ ਹੈ, ਹੁਣ ਮਾਈਨਿੰਗ ਲੀਜ਼ ਹਾਸਲ ਕਰ ਸਕਣ। ਇਸ ਕਦਮ ਨਾਲ ਦੂਜੇ ਸੂਬਿਆਂ ਤੋਂ ਮਾਈਨਿੰਗ ਸਮੱਗਰੀ ਦੀ ਗ਼ੈਰ-ਕਾਨੂੰਨੀ ਟਰਾਂਸਪੋਰਟੇਸ਼ਨ ਰੁਕਣ ਦੀ ਸੰਭਾਵਨਾ ਹੈ। ਇਸ ਨਾਲ ਬਾਜ਼ਾਰ ਵਿੱਚ ਕਰੱਸ਼ਡ ਰੇਤ ਅਤੇ ਬਜਰੀ ਦੀ ਉਪਲਬਧਤਾ ਵਧੇਗੀ, ਜੋ ਸੂਬੇ ਵਿੱਚ ਵਿਕਾਸ ਗਤੀਵਿਧੀਆਂ ਲਈ ਜ਼ਰੂਰੀ ਹੈ। ਇਸੇ ਤਰ੍ਹਾਂ ਲੈਂਡਓਨਰ ਮਾਈਨਿੰਗ ਸਾਈਟਾਂ (ਐੱਲ.ਐਮ.ਐਸ.) ਨਾਲ ਰੇਤ ਵਾਲੀਆਂ ਜ਼ਮੀਨਾਂ ਦੇ ਮਾਲਕਾਂ ਨੂੰ ਸਹੂਲਤ ਹੋਵੇਗੀ ਅਤੇ ਉਹ ਮਾਈਨਿੰਗ ਲੀਜ਼ ਲਈ ਅਰਜ਼ੀ ਦੇ ਸਕਣਗੇ ਅਤੇ ਖਣਨ ਸਮੱਗਰੀ ਨੂੰ ਸਰਕਾਰ ਦੀਆਂ ਤੈਅ ਕੀਮਤਾਂ ਉਤੇ ਖੁੱਲ੍ਹੇ ਬਾਜ਼ਾਰ ਵਿੱਚ ਵੇਚ ਸਕਣਗੇ।

ਇਸ ਤੋਂ ਪਹਿਲਾਂ ਜ਼ਮੀਨ ਮਾਲਕਾਂ ਦੀ ਸਹਿਮਤੀ ਨਾ ਹੋਣ ਕਾਰਨ ਕਈ ਮਾਈਨਿੰਗ ਥਾਵਾਂ ਕਾਰਜਸ਼ੀਲ ਨਹੀਂ ਸਨ ਕਿਉਂਕਿ ਜ਼ਮੀਨ ਮਾਲਕ ਆਪਣੀ ਜ਼ਮੀਨ ਵਿੱਚੋਂ ਕਿਸੇ ਅਣਜਾਣ ਵਿਅਕਤੀ ਨੂੰ ਮਾਈਨਿੰਗ ਕਰਨ ਦੀ ਇਜਾਜ਼ਤ ਦੇਣ ਲਈ ਤਿਆਰ ਨਹੀਂ ਹੁੰਦੇ ਸਨ। ਐਲ.ਐਮ.ਐਸ. ਦੀ ਸ਼ੁਰੂਆਤ ਨਾਲ ਕਾਰਜਸ਼ੀਲ ਮਾਈਨਿੰਗ ਥਾਵਾਂ ਦੀ ਗਿਣਤੀ ਵਧੇਗੀ ਜਿਸ ਨਾਲ ਮਾਰਕੀਟ ਸਪਲਾਈ ਵਧਣ ਦੇ ਨਾਲ-ਨਾਲ ਸੂਬੇ ਦੇ ਮਾਲੀਆ ਵਧੇਗਾ। ਇਹ ਕਦਮ ਮਾਈਨਿੰਗ ਸੈਕਟਰ ਵਿੱਚ ਇਜਾਰੇਦਾਰੀ ਖ਼ਤਮ ਹੋਵੇਗੀ।

# ਘਰ ਘਰ ਸੇਵਾਵਾਂ ਪ੍ਰਦਾਨ ਕਰਨ ਤਹਿਤ ਨੀਲੇ ਕਾਰਡਾਂ ਦੀ ਕੇ ਵਾਈ ਸੀ ਲਈ ਕੈਂਪ ਲਗਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਪਟਿਆਲਾ, 3 ਅਪ੍ਰੈਲ 2025 (ਬੇਅੰਤ ਸਿੰਘ ਰੋਹਟੀ ਖਾਸ) ਹਰ ਘਰ ਲੋੜਵੰਦਾਂ ਤੱਕ ਸੇਵਾਵਾਂ ਪ੍ਰਦਾਨ ਕਰਨ ਤਹਿਤ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆ ਲੋਕ ਹਿੱਤ ਸੇਵਾਵਾ ਨੂੰ



ਘਰ ਘਰ ਪਹੁੰਚਾਉਣ ਲਈ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਸਾਹਿਬ ਦੀ ਯੋਗ ਅਗਵਾਈ ਹੇਠ ਵਾਰਡ ਨੰਬਰ 54 ਚ ਰਾਜਪੂਤ ਧਰਮਸ਼ਾਲਾ ਅੰਦਰ ਕੌਂਸਲਰ ਜਗਮੋਹਨ ਸਿੰਘ ਵਲੋਂ ਰਾਸ਼ਨ ਕਾਰਡ ਦੀ ਕੇ ਵਾਈ ਸੀ ਲਈ ਕੈਂਪ ਲਗਾਇਆ ਗਿਆ। ਇਹ ਕੈਂਪ ਲਗਾ ਕੇ ਲੋਕਾਂ ਨੂੰ ਆਉਣ ਵਾਲੀ ਮੁਸਕਿਲ ਨੂੰ ਦੂਰ ਕਰਣ ਦਾ ਉਪਰਾਲਾ ਕੀਤਾ । ਇਸੇ ਲੜੀ ਦੇ ਤਹਿਤ ਵਾਰਡ ਵਾਸੀਆਂ ਦੇ ਰਾਸ਼ਨ ਕਾਰਡਾਂ ਨੂੰ ਕਰਵਾ ਕੇ ਅਪਡੇਟ ਕੀਤਾ ਗਿਆ ਕਿਉਂਕਿ ਅਗਰ ਕਿਸੇ ਦਾ ਰਾਸ਼ਨ ਕਾਰਡ ਦੀ ਕੇ ਵਾਈ ਸੀ ਨਹੀਂ ਹੋਵੇਗੀ ਤਾਂ ਉਸ ਦਾ ਨਾਮ ਕੱਟ ਸਕਦਾ ਹੈ ਸੋ ਸਾਡੀ ਸਰਕਾਰ ਚਾਹੁੰਦੀ ਹੈ ਕਿ ਕੋਈ ਵੀ ਵਿਅਕਤੀ ਸਰਕਾਰ ਦੀਆਂ ਸੁਵਿਧਾਵਾਂ ਤੋਂ ਵਾਂਝਾ ਨਾ ਰਹਿ ਜਾਵੇ। ਇਸ ਲਈ ਕੇ ਵਾਈ ਸੀ ਦੀ ਸਰਕਾਰ ਵੱਲੋਂ ਸੀਮਾ ਤੈਅ ਕੀਤੀ ਗਈ ਸੀ, ਜਿਸ ਤੋਂ ਪਹਿਲਾਂ ਇਹ ਕੰਮ

# ਵਾਰਡ ਨੰਬਰ 50 ਚ ਸੀਵਰੇਜ ਸਮੱਸਿਆ ਦਾ ਪੱਕਾ ਹੱਲ ਲਈ ਕੰਮ ਜਾਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਪਟਿਆਲਾ, 3 ਅਪ੍ਰੈਲ 2025 (ਬੇਅੰਤ ਸਿੰਘ ਰੋਹਟੀ ਖਾਸ)

ਪਟਿਆਲਾ ਨਗਰ ਨਿਗਮ ਦੇ ਵਾਰਡ ਨੰਬਰ 50 ਦੇ ਕੌਂਸਲਰ ਹਰਮਨ ਸੰਧੂ ਵਲੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ ਹੇਠ ਸੀਵਰੇਜ ।ਸਮਸਿਆ ਦੇ ਪੱਕੇ ਹੱਲ ਲਈ ਕੰਮ ਜੰਗੀ ਪੱਧਰ ਤੇ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੌਂਸਲਰ ਹਰਮਨ ਸੰਧੂ ਨੇ ਦੱਸਿਆ ਕਿ ਖਾਸ ਕਰ ਸੰਤ ਨਗਰ ਇਲਾਕੇ ਚ ਬਾਰਿਸ਼ ਦੇ ਮੋਸਮ ਦੌਰਾਨ ਲੋਕਾਂ ਨੂੰ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੰਸ ਲਈ ਹੁਣ ਸੀਵਰੇਜ ਦੇ ਜਾਮ ਤੋਂ ਹੱਲ ਲਈ ਨਗਰ ਨਿਗਮ ਦੀਆਂ ਸਕਿੰਗ ਮਸ਼ੀਨਾਂ ਦੇ ਨਾਲ ਇਹ ਕੰਮ ਨੇਪਰੇ ਚੜ੍ਹਾਇਆ ਜਾ ਰਿਹਾ ਹਨ।

ਕੌਂਸਲਰ ਸੰਧੂ ਨੇ ਕਿਹਾ ਕਿ ਪਟਿਆਲਾ ਦੇ ਹੋਰਨਾਂ ਇਲਾਕਿਆ ਵਾਂਗ ਇਥੇ ਵੀ ਬਾਰਿਸ਼ ਦੇ ਖੜ੍ਹਨ ਵਾਲੇ ਪਾਣੀ ਤੋਂ ਨਿਜਾਤ ਮਿਲੇਗੀ। ਉਨਾਂ ਕਿਹਾ ਕਿ ਬਾਰਿਸ਼ ਚ ਸੀਵਰੇਜ ਜਲਦੀ ਜਾਮ ਹੁੰਦਾ ਹੈ, ਜਿਸ ਦਾ ਹੱਲ ਬਿਹਤਰ ਸਫਾਈ ਹੈ, ਜਜਸ ਨੂੰ ਸਕਿੰਗ ਮਸ਼ੀਨਾਂ ਤੋਂ ਵੱਧ



ਕੋਈ ਨਹੀਂ ਕਰ ਸਕਦਾ। ਇੰਸ ਕਰਕੇ ਇਹ ਸਫਾਈ ਮੁਹਿੰਮ ਸ਼ੁਰੂ ਹੋ ਚੁੱਕੀ ਹੈ, ਜਿਸ ਦੇ ਨਤੀਜੇ ਜਲਦੀ ਆਉਣ ਲੱਗ ਜਾਣਗੇ।

# ਭਾਰਤੀਯ ਅੰਬੇਡਕਰ ਮਿਸ਼ਨ ਨੇ ਡੀਸੀ ਤੇ ਐਸਐਸਪੀ ਨਾਲ ਕੀਤੀ ਮੁਲਾਕਾਤ

## ਬਾਬਾ ਸਾਹਿਬ ਦੀਆਂ ਪ੍ਰਤਿਮਾ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ, ਬਾਬਾ ਸਾਹਿਬ ਦਾ ਅਪਮਾਨ ਨਹੀਂ ਕੀਤਾ ਜਾਵੇਗਾ ਬਰਦਾਸਤ : ਸ਼੍ਰੀ ਦਰਸ਼ਨ ਕਾਂਗੜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,3 ਅਪ੍ਰੈਲ (ਜਗਸੀਰ ਲੌਂਗੋਵਾਲ) -ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀਆਂ ਜ਼ਿਲ੍ਹੇ ਅੰਦਰ ਲੱਗਿਆ ਪ੍ਰਤਿਮਾ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜੱਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਦੀ ਅਗਵਾਈ ਹੇਠ ਮਿਸ਼ਨ ਦੇ ਵਫਦ ਨੇ ਡਿਪਟੀ ਕਮਿਸ਼ਨਰ ਸੰਗਰੂਰ ਅਤੇ ਐਸ ਐਸ ਪੀ ਸੰਗਰੂਰ ਨਾਲ ਮੁਲਾਕਾਤ ਕੀਤੀ ।ਇਸ ਮੌਕੇ ਸ਼੍ਰੀ



ਦਰਸ਼ਨ ਕਾਂਗੜਾ ਨੇ ਉਕਤ ਅਫ਼ਸਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਕੁੱਝ ਸਮਾਜ਼ ਵਿਰੋਧੀ ਅਨਸਰਾਂ ਵੱਲੋਂ ਲਗਾਤਾਰ ਬਾਬਾ ਸਾਹਿਬ ਦੀਆਂ ਪ੍ਰਤਿਮਾ ਨੂੰ ਖੰਡਿਤ ਕਰਨ ਅਤੇ ਦੇਸ਼ ਵਿਰੋਧੀ ਸਲੋਗਨ ਲਿੱਖਣ ਦੀਆਂ ਘਿਨਾਉਣੀਆਂ ਹਰਕਤਾਂ ਦਿਨ ਪ੍ਰਤੀ ਦਿਨ ਵੱਧ ਦੀਆਂ ਜਾ ਰਹੀਆਂ ਹਨ ਜਿਸ ਨਾਲ ਬਾਬਾ ਸਾਹਿਬ ਦੀ ਪ੍ਰਤਿਮਾ ਨੂੰ ਮੰਨਣ ਵਾਲਿਆਂ ਦੇ ਦਿਲਾਂ ਨੂੰ ਭਾਰੀ ਠੇਸ ਪਹੁੰਚ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹੇ ਅੰਦਰ ਜ਼ੋ ਬਾਬਾ ਸਾਹਿਬ ਦੀਆਂ ਪ੍ਰਤਿਮਾ ਲੱਗੀਆਂ ਹੋਈਆਂ ਹਨ ਪ੍ਰਸ਼ਾਸਨ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਵੇ ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਬਾਬਾ ਸਾਹਿਬ ਦੀਆਂ ਸਾਰੀਆਂ ਪ੍ਰਤਿਮਾ ਨੂੰ ਸਾਰੇ ਪਾਸੇ ਸ਼ੀਸ਼ੇ ਨਾਲ ਕੰਵਰ ਕੀਤਾ ਜਾਵੇ ਅਤੇ ਸ਼ਰਾਰਤੀ ਅਨਸਰਾਂ ਵੱਲ ਬਾਜ਼ ਅੱਖ ਰੱਖੀ ਜਾਵੇ ਤਾਂ ਜ਼ੋ ਜ਼ਿਲ੍ਹਾ ਸੰਗਰੂਰ ਅੰਦਰ ਕੋਈ ਵੀ ਅਜਿਹੀ ਘਟਨਾ ਨਾ ਘਟ ਸਕੇ । ਇਸ ਸਮੇਂ ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਸੰਗਰੂਰ ਨੂੰ 10 ਅਪ੍ਰੈਲ ਨੂੰ ਹੋ ਰਹੇ ਪ੍ਰੋਗਰਾਮ ਬਾਬਾ ਸਾਹਿਬ ਤੁਝੇ ਸਲਾਮ ਵਿੱਚ ਸ਼ਿਰਕਤ ਕਰਨ ਲਈ ਸੱਦਾ ਪੱਤਰ ਵੀ ਦਿੱਤਾ ਗਿਆ ਅਤੇ ਉਕਤ ਮੰਗਾਂ ਨੂੰ ਲੈਕੇ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ ।ਇਸ ਮੌਕੇ ਜਗਸੀਰ ਸਿੰਘ ਖੇੜੀ ਚੰਦਵਾ ਕੌਮੀ ਵਾਇਸ ਪ੍ਰਧਾਨ, ਨਿਰਭੈ ਸਿੰਘ ਛੰਨਾ ਕੌਮੀ ਸਕੱਤਰ, ਹਰਵਿੰਦਰ ਸਿੰਘ ਬਡਰੁੱਖਾਂ,ਸਤਗੁਰ ਸਿੰਘ, ਨਿਰਮਲ ਸਿੰਘ, ਸਾਜਨ ਕਾਂਗੜਾ ਆਦਿ ਹਾਜ਼ਰ ਸਨ।

# ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 134ਵੇਂ ਜਨਮ ਦਿਨ ਨੂੰ ਸਮਰਪਿਤ

## ਪ੍ਰੋਗਰਾਮ ਬੰਮਣਾਂ ਪੱਤੀ ਸਮਾਣਾ ਵਿਖੇ 12 ਅਪ੍ਰੈਲ ਨੂੰ, ਪ੍ਰਧਾਨ ਮੋਹਨ ਲਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ --ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 134 ਵੇਂ ਜਨਮ ਦਿਨ ਨੂੰ ਸਮਰਪਿਤ ਵਿਸ਼ਾਲ ਚੇਤਨਾ ਸਮਾਗਮ "ਇੱਕ ਸ਼ਾਮ ਬਹੁਜਨ ਮਹਾਂਪੁਰਸ਼ਾਂ ਦੇ ਨਾਮ" ਮਿਤੀ 12 ਅਪ੍ਰੈਲ 2025 ਦਿਨ ਸ਼ਨੀਵਾਰ ਨੂੰ ਰਾਤ 8:00 ਵਜੇ ਤੋਂ 12 ਵਜੇ ਤੱਕ ਸ੍ਰੀ ਗੁਰੂ ਰਵਿਦਾਸ ਮੰਦਰ, ਨੇੜੇ ਸਰਕਾਰੀ ਸਕੂਲ ਬੰਮਣਾਂ ਪੱਤੀ ਸਮਾਣਾ ਜ਼ਿਲ੍ਹਾ ਪਟਿਆਲਾ ਵਿਖੇ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮੋਹਨ




ਲਾਲ ਪ੍ਰਧਾਨ ਬਸਪਾ ਹਲਕਾ ਸਮਾਣਾ ਤੇ ਗੁਰਧਿਆਨ ਸਿੰਘ ਗੁਰੀ ਜੋਇੰਟ ਸਕੱਤਰ ਪਟਿਆਲਾ ਨੇ ਦੱਸਿਆ ਕਿ ਇਸ ਮੌਕੇ ਪ੍ਰਗਤੀ ਕਲਾ ਕੇਂਦਰ ਜਲਾਲਾਬਾਦ (ਫਾਜ਼ਿਲਕਾ) ਵਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਜੀਵਨ ਤੇ ਜਾਗ੍ਰਿਤੀ ਨਾਟਕ ਖੇਡਿਆ ਜਾਵੇਗਾ। ਬਾਬਾ ਸਾਹਿਬ ਡਾਕਟਰ ਅੰਬੇਡਕਰ ਯੂਥ ਕਲੱਬ ਸਮਾਣਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਵੱਲੋਂ ਸਭਨਾਂ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ 17.03.2025 ਨੂੰ ਸ਼ੁਰੂ ਕੀਤੀ ਗਈ ਅਨੰਤ ਲੜੀਵਾਰ ਭੁੱਖ ਹੜਤਾਲ ਦਾ ਅੱਜ 18ਵਾਂ ਦਿਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

Today is the 18th day of Infinite Chain hunger Strike at Panjab University Chandigarh which was started on 17.03.2025. Sh Narinder Meelu ji General Secretary Gujjar Bhawan Chandi-garh was on hunger Strike today.

It is requested to all members of




OBC Communities, institutions and Sabha to visit the venue of agitation and must extend full moral support to struggling warriors.

Let us join hands for the bright future of our generations.

Balwinder Singh Multani

OBC FEDERATION

9463743086

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ 17.03.2025 ਨੂੰ ਸ਼ੁਰੂ ਕੀਤੀ ਗਈ ਅਨੰਤ ਲੜੀਵਾਰ ਭੁੱਖ ਹੜਤਾਲ ਦਾ ਅੱਜ 18ਵਾਂ ਦਿਨ ਹੈ। ਗੁੱਜਰ ਭਵਨ ਚੰਡੀਗੜ੍ਹ ਦੇ ਜਨਰਲ ਸਕੱਤਰ ਸ਼੍ਰੀ ਨਰਿੰਦਰ ਮੀਲੂ ਜੀ ਅੱਜ ਭੁੱਖ ਹੜਤਾਲ 'ਤੇ ਸਨ।

ਓਬੀਸੀ ਭਾਈਚਾਰਿਆਂ, ਸੰਸਥਾਵਾਂ ਅਤੇ ਸਭਾ ਦੇ ਸਾਰੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਅੰਦੋਲਨ ਵਾਲੀ ਥਾਂ 'ਤੇ ਆਉਣ ਅਤੇ ਸੰਘਰਸ਼ਸ਼ੀਲ ਯੋਧਿਆਂ ਨੂੰ ਪੂਰਾ ਨੈਤਿਕ ਸਮਰਥਨ ਦੇਣ।

ਆਓ ਆਪਣੀਆਂ ਪੀੜ੍ਹੀਆਂ ਦੇ ਉੱਜਵਲ ਭਵਿੱਖ ਲਈ ਹੱਥ ਮਿਲਾਈਏ।

ਬਲਵਿੰਦਰ ਸਿੰਘ ਮੁਲਤਾਨੀ

ਓਬੀਸੀ ਫੈਡਰੇਸ਼ਨ

9463743086

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

# ਮੰਜ਼ਲ

**ਗੀਤਕਾਰ ਬਲਬੀਰ ਸਿੰਘਪੁਰੀ**

ਆਪਣੀ ਮੰਜ਼ਿਲ ਆਪਣਾ ਰਾਹ
ਯਾਦ ਰੱਖੀਏ ਹਰ ਇਕ ਸਾਹ

ਰਾਹਾਂ ਵਿਚ ਰੋੜੇ ਤੇ ਅਟਕਲਾਂ
ਮਰਦ ਦਲੇਰ ਵਿਚ ਮੁਸ਼ਕਲਾਂ

ਰਾਹਾਂ ਚ ਝੱਖੜ ਤੇ ਤੂਫਾਨ
ਕਰ ਲਈਏ ਹੱਸ ਕੇ ਪ੍ਰਵਾਨ

ਨਾ ਛੱਡੀ ਭੀੜਾਂ ਚ ਹਿੰਮਤੀ ਪੱਲਾ
ਸ਼ੇਰ ਹੁੰਦਾ ਵਿੱਚ ਜੰਗਲ ਕੱਲਾ

ਜਿੰਨੀ ਮਰਜ਼ੀ ਹੋਵੇ ਕਾਲੀ ਰਾਤ
ਅਕਸਰ ਹੋ ਤਾਂ ਜਾਣੀ ਪ੍ਰਭਾਤ

ਸਿੰਘਪੁਰੀ ਕੋਸ਼ਿਸ਼ ਰੱਖੀ ਜਾਰੀ
ਐਪਰ ਤੇਰੀ ਵੀ ਆਉਣੀ ਵਾਰੀ



# ਪੀ.ਐਮ ਵਿਸ਼ਵਕਰਮਾ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਸ਼ਹਿਰ ਵਾਸੀ - ਰਾਜੀਵ ਵਰਮਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ INTERNATIONAL PAPER, 9463601616 hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਸਰਕਾਰ ਵੱਲੋਂ ਚਲਾਈ ਜਾ ਰਹੀ ਪੀ.ਐਮ ਵਿਸ਼ਵਕਰਮਾ ਸਕੀਮ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਵੱਲੋਂ ਸਕੀਮ ਅਧੀਨ ਪੋਰਟਲ 'ਤੇ ਪੈਂਡਿੰਗ ਪਈਆਂ ਦਰਖ਼ਾਸਤਾਂ ਦੇ ਨਿਪਟਾਰੇ ਅਤੇ ਸਕੀਮ ਦੀ ਪ੍ਰਗਤੀ ਸਬੰਧੀ ਚਰਚਾ ਕੀਤੀ ਗਈ। ਉਨ੍ਹਾਂ ਵੱਲੋਂ ਸਕੀਮ ਅਧੀਨ ਜਾਗਰੂਕਤਾ ਲਿਆਉਣ ਲਈ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਨਵਾਂਸ਼ਹਿਰ, ਰਾਹੋਂ, ਬੰਗਾ ਅਤੇ ਬਲਾਚੌਰ ਨੂੰ ਕੈਂਪ ਲਗਾਉਣ ਲਈ ਵੀ ਕਿਹਾ ਗਿਆ। ਉਨ੍ਹਾਂ ਵੱਲੋਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਗਈ ਕਿ ਜੋ ਸ਼ਹਿਰ ਵਾਸੀ ਹੱਥੀ ਕੰਮ ਜਿਵੇਂ ਕਿ ਨਾਈ, ਮਿਸਤਰੀ, ਦਰਜ਼ੀ, ਕਾਰਪੇਂਟਰ, ਲੁਹਾਰ ਦਾ ਕੰਮ, ਬੂਟ ਬਣਾਉਣ ਦਾ ਕੰਮ, ਬੁਟੀਕ ਆਦਿ ਦਾ ਕੰਮ ਕਰਦੇ ਹਨ, ਉਹ ਇਸ ਸਕੀਮ ਵਿਚ ਅਪਲਾਈ ਕਰ ਸਕਦੇ ਹਨ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ 5 ਤੋਂ 7 ਦਿਨਾਂ ਦੀ ਟ੍ਰੇਨਿੰਗ ਦਿੱਤੀ ਜਾਵੇਗੀ ਅਤੇ ਇਸ ਟ੍ਰੇਨਿੰਗ ਦਾ ਪ੍ਰਤੀ ਦਿਨ 500 ਰੁਪਏ ਦਾ ਟ੍ਰੇਨਿੰਗ ਸਟਾਈਫੰਡ ਵੀ ਲਾਭਪਾਤਰੀ ਨੂੰ ਦਿੱਤਾ ਜਾਵੇਗਾ। ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ 15000 ਰੁਪਏ ਤੱਕ ਦੀ ਕਿੱਟ ਵੀ ਲਾਭਪਾਤਰੀ ਨੂੰ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਜੇ ਕੋਈ ਲਾਭਪਾਤਰੀ ਇਸ ਸਕੀਮ ਅਧੀਨ ਲੋਨ ਲੈਣਾ ਚਾਹੁੰਦਾ ਹੈ ਤਾਂ ਸਕੀਮ ਅਧੀਨ ਸਰਕਾਰ ਵਲੋਂ 3 ਲੱਖ ਰੁਪਏ ਤੱਕ ਦੀ ਲੋਨ ਦੀ ਵਿਵਸਥਾ 5 ਪ੍ਰਤੀਸ਼ਤ ਵਿਆਜ਼ ਦਰ ਨਾਲ ਕੀਤੀ ਗਈ ਹੈ। ਇਸ ਸਬੰਧੀ ਜ਼ਿਆਦਾ ਜਾਣਕਾਰੀ ਲਈ ਡੀ.ਸੀ ਦਫ਼ਤਰ ਦੀ ਤੀਜੀ ਮੰਜ਼ਿਲ 'ਤੇ ਕਮਰਾ ਨੰ: 413 ਵਿਖੇ ਜਾਂ ਨਗਰ ਕੌਂਸਲ ਦੇ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸਕੀਮ ਨਾਲ ਸਬੰਧਤ ਅਧਿਕਾਰੀ ਗੁਰਪ੍ਰੀਤ ਸਿੰਘ, ਸੁਨੀਲ ਕੁਮਾਰ ਅਤੇ ਸ਼ਿਵ ਚਰਨ ਮੌਜੂਦ ਸਨ।

# ਡਿਪਟੀ ਕਮਿਸ਼ਨਰ ਨੇ ਕਣਕ ਦੀ ਖਰੀਦ ਸਬੰਧੀ ਲਿਆ ਤਿਆਰੀਆਂ ਦਾ ਜਾਇਜ਼ਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ INTERNATIONAL PAPER, 9463601616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਦੇ ਮੱਦੇਨਜ਼ਰ ਮੰਡੀਆਂ ਵਿਚ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼, ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਅਤੇ ਹੋਰ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਪਨਗ੍ਰੇਨ, ਮਾਰਕਫੈੱਡ, ਵੇਅਰਹਾਊਸ, ਪਨਸਪ ਅਤੇ ਐਫ.ਸੀ.ਆਈ. ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਲਾਟ ਕੀਤੀਆਂ ਮੰਡੀਆਂ ਵਿੱਚ ਸਮੇਂ ਸਿਰ ਖਰੀਦ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਛਾਂ, ਪਖਾਨੇ ਅਤੇ ਹੋਰ ਜ਼ਰੂਰੀ ਸਹੂਲਤਾਂ ਦੀ ਕੋਈ ਕਮੀ ਨਾ ਛੱਡੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੀ ਫ਼ਸਲ ਦੇ ਇੱਕ-ਇੱਕ ਦਾਣੇ ਦੀ ਖ਼ਰੀਦ ਯਕੀਨੀ ਬਣਾਏਗੀ। ਮੀਟਿੰਗ ਦੌਰਾਨ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੇ ਦੱਸਿਆ ਕਿ ਮੰਡੀਆਂ ਵਿਚ ਕਣਕ ਦੀ ਖਰੀਦ ਲਈ ਸਾਰੇ ਜ਼ਰੂਰੀ ਪ੍ਰਬੰਧ ਪੂਰੇ ਕਰ ਲਏ ਗਏ ਹਨ। ਇਸ ਸਾਲ ਜ਼ਿਲ੍ਹੇ ਦੀਆਂ ਮੰਡੀਆ ਵਿਚ 3,04,153 ਮੀਟ੍ਰਿਕ ਟਨ ਸਰਕਾਰੀ ਖਰੀਦ ਹੋਣ ਦੀ ਸੰਭਾਵਨਾ ਹੈ। ਕਿਸੇ ਵੀ ਮੰਡੀ ਵਿਚ ਬਾਰਦਾਨੇ ਦੀ ਕੋਈ ਕਮੀਂ ਨਹੀਂ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਰੀਦੀ ਗਈ ਕਣਕ ਦੀ ਤੁਰੰਤ ਅਦਾਇਗੀ ਲਈ ਪ੍ਰਬੰਧ ਕੀਤੇ ਗਏ ਹਨ ਅਤੇ ਕਣਕ ਦੀ ਲਿਫਟਿੰਗ ਅਤੇ ਸਟੋਰੇਜ ਲਈ ਵੀ ਲੋੜੀਂਦੇ ਪ੍ਰਬੰਧ ਕੀਤੇ



ਗਏ ਹਨ। ਹਰੇਕ ਮੰਡੀ ਵਿੱਚ ਖਰੀਦ ਏਜੰਸੀ ਦੇ ਇੰਸਪੈਕਟਰ ਅਤੇ ਹੋਰ ਕਰਮਚਾਰੀ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਮੌਜੂਦ ਰਹਿਣਗੇ। ਕਣਕ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

# ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆ ਵਿਖੇ ਤੀਸਰੀ ਮੰਜ਼ਿਲ ਦਾ ਉਦਘਾਟਨ ਹੋਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ INTERNATIONAL PAPER, 9463601616 hardipchumber57@gmail.com



ਬੰਗਾ( ਚਰਨਜੀਤ ਸੱਲ੍ਹਾ )ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆ ਬੰਗਾ ਵਿਖੇ ਅੱਜ ਹਸਪਤਾਲ ਦੀ ਤੀਸਰੀ ਮੰਜ਼ਿਲ ਦਾ ਉਦਘਾਟਨ ਬਹੁਤ ਹੀ ਸਾਦਾ ਢੰਗ ਨਾਲ ਕੀਤਾ ਗਿਆ। ਇਸ ਮੰਜ਼ਿਲ ਦਾ ਉਦਘਾਟਨ ਮਾਣਯੋਗ ਸ੍ਰੀ ਲਲਿਤ ਮਹਾਜਨ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਹਸਪਤਾਲ ਨੂੰ ਦੁਬਾਰਾ ਚਾਲੂ ਕਰ ਦਿੱਤਾ ਹੈ। ਮਰੀਜ਼ਾਂ ਦੀ ਸਹੂਲਤ ਲਈ ਦਿਲ ਅਤੇ ਛਾਤੀ ਦੇ ਰੋਗਾਂ ਦੇ ਮਾਹਿਰ ਡਾਕਟਰ, ਹੱਡੀਆਂ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ, ਦੰਦਾਂ ਦੀ ਬਿਮਾਰੀਆਂ, ਲੇਡੀ ਡਾਕਟਰ ਅੱਖਾਂ ਅਤੇ ਚਮੜੀ ਨਾਲ ਸਬੰਧਤ ਮਾਹਿਰ ਡਾਕਟਰਾਂ ਦੀ ਸੇਵਾਵਾਂ ਵੀ ਸ਼ੁਰੂ ਹੋ ਚੁੱਕੀਆਂ ਹਨ। ਇਸ ਦੇ ਨਾਲ ਲੈਬ,ਈ ਸੀ ਜੀ,ਵੈਂਟੀਲੇਟਰ ਆਦਿ ਦੀਆਂ ਸਹੂਲਤਾਂ ਸ਼ੁਰੂ ਹੋ ਚੁੱਕੀਆਂ ਹਨ।ਹਰ ਤਰ੍ਹਾਂ ਦੇ ਜਨਰਲ ਅਤੇ ਲੈਪਰੋਸਕੋਪਿਕ ਸਰਜਰੀਆਂ ਵੀ, ਅੱਖਾਂ ਦੇ ਆਪ੍ਰੇਸ਼ਨ,ਚੂਲੇ ਅਤੇ ਗੋਡੇ ਬਦਲਣ ਦੇ ਅਪ੍ਰੇਸ਼ਨ ਵੀ ਬਹੁਤ ਘੱਟ ਖਰਚ ਤੇ ਕੀਤੇ ਜਾ ਰਹੇ ਹਨ। ਇਸ ਮੌਕੇ ਡਾ ਬਲਬੀਰ ਬੱਲ,ਡਾ ਨਾਮਦੇਵ ਬੰਗੜ,ਡਾ ਮੁਕੇਸ਼ ਕੁਮਾਰ,ਡਾ ਵਿਸ਼ਾਲ ਪ੍ਰੀਤ,ਡਾ ਸਾਗਰਿਕਾ ਪਰਮਾਰ,ਡਾ ਹਰਜੋਤ ਰੰਧਾਵਾ,ਡਾ ਜਸਲੀਨ ਕੌਰ, ਅਰਸ਼ਪ੍ਰੀਤ ਕੌਰ, ਮਮਤਾ, ਕਰਨਪ੍ਰੀਤ ਕੌਰ, ਪਰਮਿੰਦਰ ਕੌਰ, ਜਸਵਿੰਦਰ ਕੌਰ, ਅਮਰਜੀਤ ਕੌਰ, ਜਸਪ੍ਰੀਤ ਕੌਰ ਅਤੇ ਮੁਸਕਾਨ ਆਦਿ ਵੀ ਸ਼ਾਮਲ ਸਨ।

# ਬਿਨਾਂ ਮਨਜ਼ੂਰੀ ਬੋਰਵੈੱਲ ਪੁੱਟਣ ਜਾਂ ਡੂੰਘੇ ਕਰਨ 'ਤੇ ਰੋਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ INTERNATIONAL PAPER, 9463601616 hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਦੇਸ਼ ਦੀ ਸਰਵਉੱਚ ਅਦਾਲਤ ਵੱਲੋਂ ਰਿੱਟ ਪਟੀਸ਼ਨ (ਸਿਵਲ ਨੰ. 36 ਆਫ਼ 2009) ਵਿਚ ਮਿਤੀ 11.02.2010 ਰਾਹੀਂ ਪਾਸ ਕੀਤੇ ਹੁਕਮ ਦੀ ਰੋਸ਼ਨੀ 'ਚ ਜਲ ਸ੍ਰੋਤ ਮੰਤਰਾਲਾ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਿਚ ਬੋਰਵੈੱਲਾਂ/ਟਿਊਬਵੈੱਲਾਂ ਦੀ ਖੁਦਾਈ/ਮੁਰੰਮਤ ਦੇ ਮੱਦੇਨਜ਼ਰ ਸ਼ਹਿਰੀ ਅਤੇ ਪੇਂਡੂ ਖੇਤਰਾਂ 'ਚ ਕੱਚੀਆਂ ਖੂਹੀਆਂ ਅਤੇ ਟਿਊਬਵੈੱਲ ਪੁੱਟਣ ਕਾਰਨ ਲੋਕਾਂ ਅਤੇ ਬੱਚਿਆਂ ਦੇ ਇਨ੍ਹਾਂ ਬੋਰਵੈਲਾਂ 'ਚ ਡਿੱਗਣ ਦੇ ਖਦਸ਼ੇ ਦੇ ਮੱਦੇਨਜ਼ਰ ਜ਼ਿਲ੍ਹੇ ਵਿਚ ਬਿਨਾਂ ਮਨਜ਼ੂਰੀ ਬੋਰਵੈੱਲ ਪੁੱਟਣ ਜਾਂ ਡੂੰਘੇ ਕਰਨ 'ਤੇ ਰੋਕ ਲਗਾਉਂਦਿਆਂ, ਇਸ ਲਈ ਸਮਰੱਥ ਅਧਿਕਾਰੀ ਪਾਸੋਂ ਬਾ-ਸ਼ਰਤ ਪ੍ਰਵਾਨਗੀ ਲਾਜ਼ਮੀ ਕਰ ਦਿੱਤੀ ਹੈ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਜਾਰੀ ਹੁਕਮ ਅਨੁਸਾਰ ਜ਼ਮੀਨ ਮਾਲਕ ਵਾਸਤੇ ਬੋਰਵੈੱਲ ਪੁੱਟਣ ਤੋਂ ਪਹਿਲਾਂ ਸਬੰਧਤ ਜ਼ਿਲ੍ਹਾ ਕੁਲੈਕਟਰ, ਸਬੰਧਤ ਗ੍ਰਾਮ ਪੰਚਾਇਤ, ਨਗਰ ਕੌਂਸਲ, ਜਨ ਸਿਹਤ ਵਿਭਾਗ, ਭੂਮੀ ਰੱਖਿਆ ਵਿਭਾਗ (ਗਰਾਊਂਡ ਵਾਟਰ) ਨੂੰ 15 ਦਿਨ ਪਹਿਲਾਂ ਸੂਚਿਤ ਕਰਨਾ ਜ਼ਰੂਰੀ ਹੋਵੇਗਾ। ਇਸ ਦੇ ਨਾਲ ਹੀ ਬੋਰਵੈੱਲ ਕਰਨ ਵਾਲੀ ਡਰਿਲਿੰਗ ਏਜੰਸੀ ਦੇ ਨਾਂ ਅਤੇ ਰਜਿਸਟ੍ਰੇਸ਼ਨ ਨੰਬਰ ਅਤੇ ਜ਼ਮੀਨ ਮਾਲਕ ਦੇ ਪੂਰੇ ਨਾਮ ਤੇ ਪਤੇ ਵਾਲਾ ਸਾਈਨ ਬੋਰਡ, ਸਬੰਧਤ ਬੋਰ ਕਰਨ ਵਾਲੀ ਥਾਂ ਨੇੜੇ ਹੋਣਾ ਲਾਜ਼ਮੀ ਹੈ। ਬੋਰਵੈੱਲ ਦੇ ਦੁਆਲੇ ਕੰਡਿਆਲੀ ਤਾਰ ਅਤੇ ਇਸ ਨੂੰ ਸਟੀਲ ਪਲੇਟ ਦੇ ਢੱਕਣ ਨਾਲ ਨੱਟ-ਬੋਲਟ ਲਗਾ ਕੇ ਬੰਦ ਕਰਨਾ ਲਾਜ਼ਮੀ ਹੋਵੇਗਾ। ਬੋਰਵੈੱਲ ਦੇ ਆਲੇ-ਦੁਆਲੇ ਸੀਮਿੰਟ/ਕੰਕਰੀਟ ਦਾ ਪਲੇਟਫ਼ਾਰਮ ਜੋ ਜ਼ਮੀਨੀ ਪੱਧਰ ਤੋਂ 0.30 ਮੀਟਰ ਨੀਵਾਂ ਅਤੇ 0.30 ਮੀਟਰ ਉੱਚਾ ਹੋਵੇ, ਦੀ ਉਸਾਰੀ ਲਾਜ਼ਮੀ ਹੋਵੇਗੀ।

ਇਸ ਤੋਂ ਇਲਾਵਾ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਉਪਰੰਤ ਜੇਕਰ ਖਾਲੀ ਥਾਂ ਕੋਈ ਹੋਵੇ ਤਾਂ ਉਸ ਨੂੰ ਮਿੱਟੀ ਨਾਲ ਭਰਿਆ ਜਾਵੇ ਅਤੇ ਕੰਮ ਪੂਰਾ ਹੋਣ ਉਪਰੰਤ ਜ਼ਮੀਨੀ ਪੱਧਰ ਨੂੰ ਪਹਿਲਾਂ ਜਿਹਾ ਕੀਤਾ ਜਾਵੇ। ਖੂਹ ਜਾਂ ਬੋਰਵੈਲ ਨੂੰ ਕਿਸੇ ਵੀ ਹਾਲਤ 'ਚ ਖਾਲੀ ਨਾ ਛੱਡਿਆ ਜਾਵੇ। ਕੋਈ ਵੀ ਵਿਅਕਤੀ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਕਰਨ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਲਿਖਤੀ ਪ੍ਰਵਾਨਗੀ ਲਵੇਗਾ ਅਤੇ ਉਨ੍ਹਾਂ ਦੀ ਦੇਖ-ਰੇਖ ਤੋਂ ਬਿਨਾਂ ਕੰਮ ਨਹੀਂ ਕਰਵਾਏਗਾ।

ਪੇਂਡੂ ਇਲਾਕੇ 'ਚ ਸਰਪੰਚ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਸ਼ਹਿਰੀ ਇਲਾਕੇ 'ਚ ਜਨ ਸਿਹਤ ਵਿਭਾਗ, ਭੂਮੀ ਰੱਖਿਆ (ਗਰਾਊਂਡ ਵਾਟਰ), ਨਗਰ ਕੌਂਸਲਾਂ ਦੇ ਜੂਨੀਅਰ ਇੰਜੀਨੀਅਰਾਂ ਅਤੇ ਕਾਰਜਕਾਰੀ ਇੰਜੀਨੀਅਰਾਂ ਵੱਲੋਂ ਆਪਣੇ-ਆਪਣੇ ਅਧਿਕਾਰ ਖੇਤਰ ਦੀ ਇਸ ਸਬੰਧੀ ਬਾਕਾਇਦਾ ਰਿਪੋਰਟ ਵੀ ਤਿਆਰ ਕਰਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਹਰ ਮਹੀਨੇ ਭੇਜੀ ਜਾਵੇਗੀ। ਇਹ ਮਨਾਹੀ ਦੇ ਹੁਕਮ 31 ਮਈ, 2025 ਤੱਕ ਲਾਗੂ ਰਹਿਣਗੇ।

# ਪੰਜਾਬ ਸਰਕਾਰ ਨੇ ਨਸ਼ਿਆਂ ਖਿਲਾਫ ਮੁਹਿੰਮ ਕੀਤੀ ਤੇਜ਼ - ਕਰਮਜੀਤ ਕੌਰ

## ਕਿਹਾ, ਡਿਫੈਂਸ ਕਮੇਟੀਆਂ ਦੇ ਗਠਨ ਨਾਲ ਨਸ਼ੇ ਦੇ ਖਾਤਮੇ ਦੀ ਦਿਸ਼ਾ 'ਚ ਵੱਡਾ ਕਦਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ INTERNATIONAL PAPER, 9463601616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਭਰ ਵਿਚ ਜਾਗਰੂਕਤਾ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ। ਇਸੇ ਲੜੀ ਵਿਚ ਅੱਜ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਇਸ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਲੁਧਿਆਣਾ ਵਿਖੇ ਨੌਜਵਾਨਾਂ ਨਾਲ ਪਦਯਾਤਰਾ ਕਰ ਰਹੇ ਹਨ। ਇਸ ਪਹਿਲ ਦਾ ਮੁੱਖ ਉਦੇਸ਼ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਹੈ। ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਨੇ ਕਿਹਾ ਕਿ ਨਸ਼ੇ ਦੇ ਖਿਲਾਫ਼ ਇਹ ਲੜਾਈ ਕੇਵਲ ਸਰਕਾਰ ਦੀ ਨਹੀ, ਬਲਕਿ ਸਮਾਜ ਦੇ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਤੋਂ ਬਚਾ ਕੇ ਉਨ੍ਹਾਂ ਨੂੰ ਇਕ ਚੰਗੇ ਭਵਿੱਖ ਵੱਲ ਲੈ ਜਾਣਾ ਹੈ। ਇਸ ਮੁਹਿੰਮ ਵਿਚ ਹਰ ਨਾਗਰਿਕ ਦੀ ਭਾਗੀਦਾਰੀ ਜ਼ਰੂਰੀ ਹੈ। ਕਰਮਜੀਤ ਕੌਰ ਨੇ ਦੱਸਿਆ ਕਿ ਸਰਕਾਰ ਨਸ਼ੇ ਦੀ ਰੋਕਥਾਮ ਲਈ ਇਕ ਨਵੀਂ ਪਹਿਲ ਤਹਿਤ ਪਿੰਡਾਂ ਅਤੇ ਸ਼ਹਿਰਾਂ ਦੇ ਆਧਾਰ 'ਤੇ ਡਿਫੈਂਸ ਕਮੇਟੀਆਂ ਦਾ ਗਠਨ ਕਰਨ ਜਾ ਰਹੀ ਹੈ। ਇਨ੍ਹਾਂ ਕਮੇਟੀਆਂ ਦਾ ਉਦੇਸ਼ ਨਸ਼ੇ ਦੇ ਵਪਾਰ 'ਤੇ ਨਿਗਰਾਨੀ ਰੱਖਣਾ, ਪ੍ਰਸ਼ਾਸਨ ਨੂੰ ਸਹਿਯੋਗ ਦੇਣਾ ਅਤੇ ਸਮਾਜ ਵਿਚ ਨਸ਼ੇ ਦੇ ਖਿਲਾਫ਼ ਜਾਗਰੂਕਤਾ ਵਧਾਉਣਾ ਹੋਵੇਗਾ। ਉਨ੍ਹਾਂ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਅਤੇ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਅਤੇ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਵਿਚ ਆਪਣਾ ਯੋਗਦਾਨ ਦੇਣ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਨਾਗਰਿਕਾਂ, ਅਧਿਆਪਕਾਂ, ਮਾਤਾ-ਪਿਤਾ



ਅਤੇ ਸਮਾਜਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਇਸ ਜਾਗਰੂਕਤਾ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਨਸ਼ੇ ਦੇ ਖਿਲਾਫ਼ ਇਕਜੁੱਟ ਹੋਣ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਵਿਚ ਸਥਾਨਕ ਪ੍ਰਸ਼ਾਸਨ, ਸਮਾਜਿਕ ਸੰਸਥਾਵਾਂ ਅਤੇ ਨੌਜਵਾਨਾਂ ਦੇ ਸਹਿਯੋਗ ਨਾਲ ਕਈ ਸਥਾਨਾਂ 'ਤੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਣਗੇ।

# ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਧਰਨੇ ਵਿੱਚ ਪਹੁੰਚ ਕੇ ਹਾਜ਼ਰੀ ਲਗਵਾਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ INTERNATIONAL PAPER, 9463601616 hardipchumber57@gmail.com



ਫਿਲੌਰ( ਚਰਨਜੀਤ ਸੱਲ੍ਹਾ )ਬਹੁਜਨ ਸਮਾਜ ਪਾਰਟੀ ਵੱਲੋਂ ਪਿੰਡ ਨੰਗਲ ਵਿਧਾਨ ਸਭਾ ਹਲਕਾ ਫਿਲੌਰ ਡਾਕਟਰ ਅੰਬੇਡਕਰ ਸਾਹਿਬ ਜੀ ਦੇ ਸਨਮਾਨ ਵਿੱਚ ਦਿੱਤੇ ਜਾ ਰਹੇ ਧਰਨੇ ਦੇ ਵਿੱਚ ਸ਼ਾਮਿਲ ਹੋਣ ਸਮੇਂ ਸਰਪੰਚ ਖੁੱਸ਼ੀ ਰਾਮ ਜੀ ਨਾਲ ਗੱਲਬਾਤ ਕਰਨ ਮੌਕੇ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਦੇ ਮੈਂਬਰ ਤੁਹਾਡਾ ਆਪਣਾ ਗਾਇਕ ਕੇ ਪ੍ਰਧਾਨ ਰਾਜ ਦਦਰਾਲ,ਸੀਨੀਅਰ ਮੀਤ ਪ੍ਰਧਾਨ ਵਿਜੇ ਗੁਣਾਚੌਰ ਜੀ,ਮੁੱਖ ਸਲਾਹਕਾਰ ਜੈਪਾਲ ਸੁੰਡਾ ਜੀ,ਗੀਤਕਾਰ ਦੀਪ ਅਲਾਚੌਰੀਆ ਜੀ,ਗਾਇਕ ਰਾਜ ਮਨਰਾਜ,ਗਾਇਕ ਜੱਸੀ

# ਯਾਦਗਾਰੀ ਹੋ ਨਿੱਬੜਿਆ ਐਚ ਆਰ ਇਲੈਕਟ੍ਰਾਨਿਕਸ ਪਲਾਜਾ’ ‘ ਦਾ ਉਦਘਾਟਨੀ ਸਮਾਗਮ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



ਕੈਪਸ਼ਨ : ਇਲੈਕਟ੍ਰਾਨਿਕ ਪਲਾਜ਼ਾ ਗੜਸ਼ੰਕਰ ਰੋਡ ਬੰਗਾ ਦੇ ਉਦਘਾਟਨ ਸਮੇਂ ਗਿ ਰਘਬੀਰ ਸਿੰਘ, ਐਮ ਡੀ ਹਰਜਿੰਦਰ ਸਿੰਘ, ਸਹਾਇਕ ਐਮ. ਡੀ ਹਰਜੋਤ ਸਿੰਘ ਅਤੇ ਹੋਰ।

ਬੰਗਾ, ਅਪ੍ਰੈਲ (ਚਰਨਜੀਤ ਸੱਲ੍ਹਾ )ਐਚ ਆਰ ਹੀਰੋ ਆਟੋ ਏਜੰਸੀ ਬੰਗਾ ਵਲੋਂ ਐਚ. ਆਰ ਕੰਪਲੈਕਸ ਦੀ ਉਸਾਰੀ ਕਰਕੇ ਉਸ ਵਿੱਚ ਐਚ ਆਰ ਇਲੈਕਟ੍ਰਾਨਿਕਸ ਪਲਾਜਾ’ਦੀ ਅਰੰਭਤਾ ਕੀਤੀ ਹੈ। ਜਿਸ ਦਾ ਉਦਘਾਟਨੀ ਸਮਾਗਮ ਯਾਦਗਾਰੀ ਹੋ ਨਿੱਬੜਿਆ ਸਮਾਗਮ ਦੀ ਆਰੰਭਤਾ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਨਾਲ ਹੋਈ। ਉਪਰੰਤ ਐਨ. ਆਰ. ਆਈ ਕੀਰਤਨੀਏ ਭਾਈ ਰਘਬੀਰ ਸਿੰਘ ਯੂ.ਐਸ.ਏ ਦੇ ਜਥੇ ਨੇ ਗੁਰਬਾਣੀ ਦੇ ਰਸਭਿੰਨੇ ਸ਼ਬਦ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਤੋਂ ਬਾਅਦ ਪੰਥ ਪ੍ਰਸਿੱਧ ਗੁਰਬਾਣੀ ਦੇ ਨਾਮੀ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ ਵਲੋਂ ਸੰਗਤਾਂ ਨੇ ਦਿਲਾ ਵਿੱਚ ਵਸਦੇ ਉਨ੍ਹਾਂ ਦੇ ਗਾਏ ਹੋਏ ਪ੍ਰਸਿੱਧ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕਰਕੇ ਸਮਾਂ ਬੰਨ੍ਹ ਦਿੱਤਾ। ਉਦਘਾਟਨੀ ਰਸਮਾਂ ਹੈ. ਹਰਦਿਆਲ ਸਿੰਘ ਭਾਈ ਰਘਬੀਰ ਸਿੰਘ, ਪਲਾਜੇ ਦੇ ਐਮ ਡੀ ਸ. ਹਰਜਿੰਦਰ ਸਿੰਘ ਲਧਾਣਾ ਉੱਚਾ,ਸ. ਹਰਜੋਤ ਸਿੰਘ ਲਧਾਣਾ ਉੱਚਾ ਸਹਾਇਕ ਐਮ ਡੀ ਗੁਰਚਰਨ ਸਿੰਘ ਕਾਹਮਾ, ਸੁਖਵਿੰਦਰ ਸਿੰਘ ਰਾਜਾ ਪੰਚ, ਰਾਮ ਲੁਭਾਇਆ ਪੰਚ, ਗਿ: ਪਰਮਜੀਤ ਸਿੰਘ ਸੂਬੇਦਾਰਾਂ ਦੇ, ਸੁਰਿੰਦਰ ਸਿੰਘ ਜਰਮਨੀ, ਕਰਨੈਲ ਸਿੰਘ, ਹਰਭਜਨ ਸਿੰਘ, ਬਾਬਾ ਹਰਮਿੰਦਰ ਸਿੰਘ, ਲੱਕੀ ਬਾਬਾ ਝੰਡਾ ਜੀ ਖਟਕੜ ਕਲਾਂ ਵਾਲੇ ਗਿ ਜਗਤਾਰ ਸਿੰਘ ਯੂ ਐਸ, ਏ, ਸਾਬਕਾ ਸਰਪੰਚ ਲਧਾਣਾ ਉੱਚਾ, ਕੇਵਲ ਸਿੰਘ ਲਧਾਣਾ ਉੱਚਾ, ਪਰਮਿੰਦਰ ਸਿੰਘ ਕਾਕਾ ਸ ਸੁਬੇਗ ਸਿੰਘ, ਸ.ਕਰਨੈਲ ਸਿੰਘ, ਸੁਖਦੇਵ ਸਿੰਘ ਸੁੱਖਾ ਸ. ਗੁਰਮੁੱਖ ਸਿੰਘ, ਦਿਲਬਾਗ ਸਿੰਘ ਬਾਗਾ, ਗਾਇਕ ਤੇ ਗੀਤਕਾਰ ਦੇਬੀ ਮਖਸੂਸਪੁਰੀ , ਗਾਇਕ ਰਣਜੀਤ ਰਾਣਾ, ਬਲਬੀਰ ਸਿੰਘ, ਰਘਬੀਰ ਸਿੰਘ ਟਰਾਂਸਪੋਰਟ, ਦਿਲਪ੍ਰੀਤ ਸਿੰਘ ਸੋਢੀ, ਪਲਾਜ਼ਾ ਦੇ ਮੁਲਾਜ਼ਮ ਸੁਖਜਿੰਦਰ ਸਿੰਘ ਝਿੱਕਾ, ਹਰਪ੍ਰੀਤ ਕੌਰ ਲਧਾਣਾ ਉੱਚਾ, ਭੁਪਿੰਦਰ ਸਿੰਘ ਗੋਬਿੰਦਪੁਰੀ ਮੈਡਮ ਕਮਲਜੀਤ ਕੌਰ, ਮੈਡਮ ਨੀਰਜ਼, ਮੈਡਮ ਰਾਜਵਿੰਦਰ ਕੌਰ ਆਦਿ ਹਾਜ਼ਰ ਸਨ

# ਜ਼ਿਲ੍ਹਾ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਦੀ ਸਮਰੱਥਾ ‘ਚ ਹੋਵੇਗਾ ਵਾਧਾ - ਡਿਪਟੀ ਕਮਿਸ਼ਨਰ

## ਮੌਜੂਦਾ ਸਮੇਂ 60 ਬੈਡਾਂ ਦੀ ਗਿਣਤੀ ਨੂੰ ਵਧਾ ਕੇ ਕੀਤਾ ਜਾਵੇਗਾ 100

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਦੀ ਗ੍ਰਿਫਤ ਵਿਚ ਆ ਚੁੱਕੇ ਵਿਅਕਤੀਆਂ ਦਾ ਨਸ਼ਾ ਛੁਡਾ ਕੇ ਸਿਹਤਮੰਦ ਜੀਵਨ ਲਈ ਉਤਸ਼ਾਹਤ ਕਰਨ ਦੇ ਉਪਰਾਲੇ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜ਼ਿਲ੍ਹਾ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਦੀ ਸਮਰੱਥਾ ਵਿਚ ਵਾਧਾ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਦੀ ਸਮਰੱਥਾ ਵਿਚ ਵਾਧੇ ਲਈ ਤਿਆਰ ਕੀਤੇ ਖਾਕੇ ਦੀ ਸਮੀਖਿਆ ਕਰਦਿਆਂ ਕਿਹਾ ਕਿ ਇਸ ਕੇਂਦਰ ਵਿਚ ਹਰ ਢੁੱਕਵੀਂ ਸਹੂਲਤ ਉਪਲਬੱਧ ਕਰਵਾਈ ਜਾਵੇਗੀ ਅਤੇ ਮੌਜੂਦਾ ਸਮੇਂ 60 ਬੈਡਾਂ ਦੀ ਗਿਣਤੀ ਨੂੰ ਵਧਾ ਕੇ 100 ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਛੁਡਾਉਣ ਦੇ ਨਾਲ-ਨਾਲ ਹੁਨਰ ਵਿਕਾਸ ਅਤੇ ਕਿੱਤਾਮੁਖੀ ਕੋਰਸਾਂ ਰਾਹੀਂ ਇਨ੍ਹਾਂ ਵਿਅਕਤੀਆਂ ਨੂੰ ਪੈਰੀਂ ਕਰਕੇ ਸਿਹਤਮੰਦ ਜੀਵਨ ਬਸਰ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ। ਉਨ੍ਹਾਂ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੇਂਦਰ ਦੀ ਸਮਰੱਥਾ ਵਿਚ ਵਾਧੇ ਵਾਲੀ ਤਜਵੀਜ਼ ਨੂੰ ਜਲਦ ਤੋਂ ਜਲਦ ਅੰਤਮ ਰੂਪ ਦਿੱਤਾ ਜਾਵੇ ਤਾਂ ਜੋ ਕੇਂਦਰ ਵਿਖੇ ਲੋੜੀਂਦੇ ਸੁਧਾਰਾਂ ਦੇ ਨਾਲ-ਨਾਲ ਹੋਰ ਸਹੂਲਤਾਂ ਦੀ ਸਥਾਪਤੀ ਨੂੰ ਯਕੀਨੀ ਬਣਾਇਆ ਜਾ ਸਕੇ। ਜ਼ਿਲ੍ਹਾ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਲਈ ਭਵਿੱਖ ਵਿਚ ਹੋਰ ਮਜ਼ਬੂਤ ਕੀਤੇ ਜਾਣ ਵਾਲੇ ਬੁਨਿਆਦੀ ਢਾਂਚੇ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਖਰੀਦ ਕਮੇਟੀ ਨੂੰ ਨਿਰਦੇਸ਼ ਦਿੱਤੇ ਕਿ ਸਮਾਂਬੱਧ ਢੰਗ ਨਾਲ ਲੋੜੀਂਦਾ ਸਾਜੋ-ਸਮਾਨ ਖਰੀਦਣ ਅਤੇ ਸਥਾਪਤ ਕਰਨ ਨੂੰ ਯਕੀਨੀ ਬਣਾਵੇ। ਉਨ੍ਹਾਂ ਕਿਹਾ ਕਿ ਕੇਂਦਰ ਦੀ ਸਮਰੱਥਾ ਵਿਚ ਵਾਧੇ ਦੌਰਾਨ ਹਰ ਪੱਖੋਂ ਮਿਆਰ ਨੂੰ ਤਰਜ਼ੀਹ ਦਿੱਤੀ ਜਾਵੇ ਜੋ ਮਰੀਜ਼ਾਂ ਅਤੇ ਸਟਾਫ ਲਈ ਲਾਹੇਵੰਦ ਸਾਬਤ ਹੋ ਸਕੇ। ਉਨ੍ਹਾਂ ਦੱਸਿਆ ਕਿ ਕੇਂਦਰ ਵਿਖੇ ਪ੍ਰਸ਼ਾਸਕੀ ਬਲਾਕ, ਡਾਕਟਰ ਅਤੇ ਨਰਸਿੰਗ ਸਟੇਸ਼ਨਾਂ ਅਤੇ ਕਿੱਤਾਮੁੱਖੀ ਕੋਰਸ ਵਾਲੀਆਂ ਥਾਵਾਂ ਆਧੁਨਿਕ ਸਹੂਲਤਾਂ ਨਾਲ ਲੈਸ ਹੋਣ ਅਤੇ ਸੁਰੱਖਿਆ ਪੱਖੋਂ ਢੁਕਵੇਂ ਇੰਤਜ਼ਾਮ ਯਕੀਨੀ ਬਣਾਏ ਜਾਣ। ਮੀਟਿੰਗ ਦੌਰਾਨ ਐਸ.ਪੀ. ਮੇਜਰ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਵਿਤਾ, ਮੈਡੀਕਲ ਅਫ਼ਸਰ ਡਾ. ਮਹਿਮਾ ਮਨਹਾਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਨਵਾਂ ਵਿੱਦਿਅਕ ਸੈਸ਼ਨ ਸ਼ੁਰੂ ਪਰ ਪਾੜ੍ਹਿਆਂ ਦੇ ਹੱਥ ਕਿਤਾਬਾਂ ਤੋਂ ਖਾਲੀ

## *ਕਿਤਾਬਾਂ ਤੁਰੰਤ ਸਕੂਲਾਂ ‘ਚ ਭੇਜਣ ਦੇ ਕੀਤੇ ਜਾਣ ਪ੍ਰਬੰਧ,,, ,,,ਡੈਮੋਕ੍ਰੈਟਿਕ ਟੀਚਰਜ਼ ਫਰੰਟ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ, 3 ਅਪ੍ਰੈਲ( ਆਤਮਾ ਸਿੰਘ ਪਮਾਰ ) ਇੱਕ ਪਾਸੇ ਸਿੱਖਿਆ ਵਿਭਾਗ ਪੰਜਾਬ ਦੀ ਅਫ਼ਸਰਸ਼ਾਹੀ ਵੱਲੋਂ ਪਿਛਲੇ ਸਾਲ ਦੇ ਮੁਕਾਬਲੇ ਘੱਟੋ ਘੱਟ 10% ਦਾਖ਼ਲਾ ਵਧਾਉਂਣ ਲਈ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਸਖ਼ਤ ਆਦੇਸ਼ ਜਾਰੀ ਕੀਤੇ ਗਏ ਹਨ, ਉਧਰ ਦੂਜੇ ਪਾਸੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕਿਤਾਬਾਂ ਤੋਂ ਬਿਨ੍ਹਾਂ ਹੀ ਖਾਲੀ ਹੱਥੀਂ ਸੈਸ਼ਨ ਦੀ ਸ਼ੁਰੂਆਤ ਕਰਨੀ ਪੈ ਰਹੀ ਹੈਂ |ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐਫ਼ ਜਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੱਖ ਵੱਖ ਜ਼ਿਲ੍ਹਿਆਂ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਛੇਵੀਂ ਜਮਾਤ ਦੇ ਹਿੰਦੀ, ਸਮਾਜਿਕ ਸਿੱਖਿਆ, ਸੱਤਵੀਂ ਜਮਾਤ ਦੇ ਗਣਿਤ , ਸਮਾਜਿਕ ਅਤੇ ਕੰਪਿਊਟਰ ਸਾਇੰਸ ਦੀਆਂ ਕਿਤਾਬਾਂ ਹਾਲੇ ਤੱਕ ਵਿਦਿਆਰਥੀਆਂ ਨੂੰ ਮਿਲੀਆਂ ਹੀ ਨਹੀਂ। ਇਸੇ ਤਰ੍ਹਾਂ ਅੱਠਵੀਂ ਜਮਾਤ ਦੇ ਵਿਗਿਆਨ, ਪੰਜਾਬੀ, ਹਿੰਦੀ, ਅਤੇ ਖੇਤੀਬਾੜੀ, ਇਸ ਤੋਂ ਇਲਾਵਾ ਨੌਵੀਂ ਜਮਾਤ ਦੇ ਵਿਗਿਆਨ, ਸਮਾਜਿਕ ਸਿੱਖਿਆ ਅਤੇ ਦਸਵੀਂ ਜਮਾਤ ਦੀ ਸਮਾਜਿਕ ਸਿੱਖਿਆ, ਹਿੰਦੀ ਵਿਆਕਰਣ, ਕੰਪਿਊਟਰ ਸਾਇੰਸ ਦੀਆਂ ਕਿਤਾਬਾਂ ਤੋਂ ਵੀ ਵਿਦਿਆਰਥੀ ਵਾਂਝੇ ਹੀ ਹਨ। ਗੱਲ ਜੇਕਰ ਪ੍ਰਾਇਮਰੀ ਵਿਭਾਗ ਦੀ ਕਰੀਏ ਤਾਂ ਪੰਜਵੀਂ ਜਮਾਤ ਦੀ ਪੰਜਾਬੀ, ਚੌਥੀ ਦੀ ਅੰਗਰੇਜ਼ੀ, ਹਿਸਾਬ ਅਤੇ ਵਾਤਾਵਰਣ, ਤੀਜੀ ਦੀ ਪੰਜਾਬੀ, ਅੰਗਰੇਜ਼ੀ, ਵਾਤਾਵਰਣ, ਦੂਜੀ ਅਤੇ ਪਹਿਲੀ ਜਮਾਤ ਦੇ ਪੰਜਾਬੀ, ਅੰਗਰੇਜ਼ੀ ਅਤੇ ਗਣਿਤ ਦੀਆਂ ਕਿਤਾਬਾਂ ਨੂੰ ਵੀ ਹਾਲੇ ਤੱਕ ਸਕੂਲਾਂ ਦੇ ਦਰਸ਼ਨ ਨਹੀਂ ਹੋਏ।ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਸਿੱਖਿਆ ਵਿਭਾਗ ਦੀ ਅਣਗਹਿਲੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਦਿੱਲੀ ਮਾਡਲ ਅਤੇ ਪੰਜਾਬ ਦੀ ਸਿੱਖਿਆ ਦਾ ਕਾਇਆ ਕਲਪ ਕਰਨ ਦੇ ਦਾਅਵੇ ਕਰਨ ਵਾਲੀ ਆਪ ਦੀ ਮਾਨ ਸਰਕਾਰ ਨਾ ਤਾਂ ਵਿਦਿਆਰਥੀਆਂ ਨੂੰ ਸਮੇਂ ਸਿਰ ਕਿਤਾਬਾਂ ਜਾਰੀ ਕਰ ਸਕੀ ਹੈ ਅਤੇ ਨਾਂ ਹੀ ਵਜ਼ੀਫ਼ੇ। ਉਨ੍ਹਾਂ ਕਿਹਾ ਵਿਦਿਆਰਥੀ ਬਿਨ੍ਹਾਂ ਕਿਤਾਬਾਂ ਤੋਂ ਪੜ੍ਹਨ ਲਈ ਮਜਬੂਰ ਹੋ ਰਹੇ ਹਨ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਵਿਭਾਗ ਦੀ ਅਣਗਹਿਲੀ ਤੇ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਕਿਤਾਬਾਂ ਦੀ ਛਪਾਈ ਦਾ ਕੰਮ ਜਨਵਰੀ ਫਰਵਰੀ ਮਹੀਨਿਆਂ ਦੌਰਾਨ ਨਿਬੇੜਨਾ ਚਾਹੀਦਾ ਸੀ। ਇਸ ਉਪਰੰਤ ਮਾਰਚ ਮਹੀਨੇ ਦੇ ਅੰਤ ਤੱਕ ਅੰਦਾਜਨ ਗਿਣਤੀ ਅਨੁਸਾਰ ਕਿਤਾਬਾਂ ਸਕੂਲਾਂ ਵਿੱਚ ਪੁੱਜਦੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਸਨ। ਉਨ੍ਹਾਂ ਪੁਰਜ਼ੋਰ ਮੰਗ ਕੀਤੀ ਕਿ ਇਸੇ ਹਫਤੇ ਸਾਰੇ ਸਕੂਲਾਂ ਨੂੰ ਸਾਰੇ ਵਿਸ਼ਿਆਂ ਦੀਆਂ ਕਿਤਾਬਾਂ ਪਹੁੰਚਦੀਆਂ ਕੀਤੀਆਂ ਜਾਣ।ਇਸ ਮੌਕੇ ਅਮਰੀਕ ਬੋਹਾ,ਰਾਜ ਸਿੰਘ,ਨਵਜੋਸ਼ ਸ ਪੋ ਲੀ ਆ , ਸੰ ਦੀ ਪ ਧ ਰ ਮ ਪੁ ਰਾ , ਗੁ ਰ ਦੀ ਪ ਬਰਨਾਲਾ , ਚਰਨਪਾਲ ਸਿੰਘ, ਜਸਵਿੰਦਰ ਹਾ ਕ ਮ ਵਾ ਲਾ , ਬ ਲ ਕਾ ਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ , ਅਮਰਪ੍ਰੀਤ ਕੌਰ,ਨਿਰਲੇਪ ਕੌਰ,ਮਨਵੀਰ ਕੌਰ, ਗੁਰਜੀਤ ਮਾ ਨ ਸਾ , ਅ ਮ ਰ ਜੀ ਤ ਸਿੰ ਘ , ਸੁ ਖ ਵਿੰ ਦ ਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਵੀ ਹਾਜ਼ਰ ਸਨ ।

# ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਮਨੋਨੀਤ ਪੰਜ ਮੈਂਬਰੀ ਕਮੇਟੀ ਵੱਲੋਂ ਜ਼ਿਲ੍ਹੇ ‘ਚ ਭਰਤੀ ਪ੍ਰਕਿਰਿਆ ਲਈ ਸਮਾਗਮ ਭੀਖੀ ‘ਚ 9 ਨੂੰ- ਔਲਖ

## ਪਿੰਡਾਂ ‘ਚ ਅਕਾਲੀ ਦਲ ਦੀ ਭਰਤੀ ਲਈ ਭਾਰੀ ਉਤਸ਼ਾਹ, ਤਿਆਰੀ ਮੀਟਿੰਗਾਂ ਦਾ ਸਿਲਸਿਲਾ ਜਾਰੀ,,,, ਬੱਪੀਆਣਾ



“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ 3ਅਪਰੈਲ (ਆਤਮਾ ਸਿੰਘ ਪਮਾਰ) ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਿਯੁਕਤ ਪੰਜ ਮੈਂਬਰੀ ਕਮੇਟੀ ਦੇ ਫ਼ੈਸਲੇ ਅਨੁਸਾਰ ਸਮੁੱਚੇ ਪੰਜਾਬ ‘ਚ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਸਾਹਿਬ ਵੱਲੋਂ ਜਾਰੀ ਕੀਤੇ ਹੁਕਮਨਾਮੇ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਵੱਖ ਵੱਖ ਜ਼ਿਲ੍ਹਿਆਂ ‘ਚ ਜਾ ਕੇ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸੇ ਕੜੀ ਤਹਿਤ ਉਕਤ ਕਮੇਟੀ ਵੱਲੋਂ ਮਾਨਸਾ ਜ਼ਿਲ੍ਹੇ ਦੇ ਕਸਬਾ ਭੀਖੀ ਵਿਖੇ ਬੀ.ਐਮ ਜੀ ਰਿਜੋਰਟ ਵਿਖੇ ਸਮਾਂ ਸਵੇਰੇ 10 ਵਜੇ ਆਉਂਦੀ 9 ਅਪ੍ਰੈਲ ਨੂੰ ਜ਼ਿਲ੍ਹਾ ਮਾਨਸਾ ‘ਚ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਲਈ ਇੱਕ ਵੱਡਾ ਸਮਾਗਮ ਰੱਖਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਵਿਧਾਇਕ ਸ.ਸੁਖਵਿੰਦਰ ਸਿੰਘ ਔਲਖ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸ. ਮਨਜੀਤ ਸਿੰਘ ਬੱਪੀਆਣਾ ਨੇ ਸਾਂਝੇ ਤੌਰ ‘ਤੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜ ਮੈਂਬਰੀ ਕਮੇਟੀ ਦੇ ਸਾਰੇ ਸਤਿਕਾਰਿਤ ਮੈਂਬਰ ਸਾਹਿਬਾਨ ਇਸ ਪ੍ਰੋਗਰਾਮ ‘ਚ ਸ਼ਿਰਕਤ ਕਰ ਰਹੇ ਹਨ। ਉਨ੍ਹਾਂ ਇੱਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦੇ ਸਾਰੇ ਪਿੰਡਾਂ ‘ਚ ਹੀ ਤਿਆਰੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਅਤੇ ਲੋਕਾਂ ‘ਚ ਸ੍ਰੀ ਅਕਾਲ ਤਖਤ ਸਾਹਿਬ ਪ੍ਰਤੀ ਭਾਰੀ ਸ਼ਰਧਾ ਦੇਖਣ ਨੂੰ ਮਿਲ ਰਹੀ ਹੈ ,ਅਤੇ ਨਾਲ ਹੀ ਪੰਜ ਮੈਂਬਰੀ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ਇਸ ਭਰਤੀ ਪ੍ਰਕਿਰਿਆ ਲਈ ਸਿਰਫ ਉਤਸ਼ਾਹ ਹੀ ਨਹੀਂ ਸਗੋਂ ਮੈਂਬਰਸ਼ਿਪ ਲੈਣ ਲਈ ਧੁਰ ਅੰਦਰੋਂ ਸਨਮਾਨ ਅਤੇ ਇੱਛਾ ਵੀ ਜਤਾਈ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਪਿੰਡਾਂ ਦੇ ਲੋਕ ਉਨ੍ਹਾਂ ਨੂੰ ਸਤਿਕਾਰ ਵਜੋਂ ਸਿਰੋਪਾਓ ਭੇਂਟ ਕਰਕੇ ਮਾਨ ਸਨਮਾਨ ਵੀ ਦੇ ਰਹੇ ਹਨ। ਉਨ੍ਹਾਂ ਬਾਕੀ ਜ਼ਿਲ੍ਹਿਆਂ ਦਾ ਤਜਰਬਾ ਸਾਂਝਾ ਕਰਦਿਆਂ ਕਿਹਾ ਕਿ ਮੋਗਾ, ਮਲੇਰਕੋਟਲਾ ਅਤੇ ਪਟਿਆਲਾ ਮੀਟਿੰਗਾਂ ਦੌਰਾਨ ਜਿਸ ਤਰ੍ਹਾਂ ਭਰਤੀ ਲਈ ਜਨਸੈਲਾਬ ਉਮੜਿਆ ਉਸ ਤੋਂ ਜਾਪਦਾ ਹੈ ਕਿ ਲੋਕ ਵੱਡੀ ਤਬਦੀਲੀ ਦਾ ਫੈਸਲਾ ਕਰ ਚੁੱਕੇ ਹਨ। ਆਗੂਆਂ ਨੇ ਉਮੀਦ ਪ੍ਰਗਟਾਈ ਕਿ ਜਿਸ ਤਰ੍ਹਾਂ ਪਿੰਡਾਂ ਦੇ ਲੋਕ ਹੁੰਗਾਰਾ ਦੇ ਰਹੇ ਹਨ ਉਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭੀਖੀ ਦਾ ਪ੍ਰੋਗਰਾਮ ਵੀ ਪੂਰੀ ਤਰ੍ਹਾਂ ਸਫ਼ਲ ਰਹੇਗਾ। ਇਸ ਸਮੇਂ ਉਨ੍ਹਾਂ ਜ਼ਿਲ੍ਹੇ ਦੀਆਂ ਸਮੁੱਚੀਆਂ ਸੰਗਤਾਂ ਨੂੰ ਪ੍ਰੋਗਰਾਮ ‘ਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਪੁਰਜ਼ੋਰ ਅਪੀਲ ਵੀ ਕੀਤੀ। ਇਸ ਸਮੇਂ ਉਹਨਾਂ ਨਾਲ ਵੱਡੀ ਗਿਣਤੀ ਸਰਪੰਚ, ਸਾਬਕਾ ਸਰਪੰਚ, ਮੌਜੂਦਾ ਅਤੇ ਸਾਬਕਾ ਪੰਚਾਂ ਤੋਂ ਇਲਾਵਾ ਮੋਹਤਬਰ ਵਿਅਕਤੀ ਅਤੇ ਸਿੱਖ ਸੰਗਤਾਂ ਵੀ ਮੌਜੂਦ ਸਨ।

# ਐਸਸੀ ਸਮਾਜ ਪੰਨੂੰ ਨੂੰ ਅਜਿਹਾ ਸਬਕ ਸਿਖਾਏਗਾ ਕਿ ਪੰਨੂੰ ਦੀਆਂ ਸੱਤ ਪੀੜ੍ਹੀਆਂ ਨਹੀਂ ਭੁੱਲ ਸਕਣਗੀਆਂ : ਬੇਗਮਪੁਰਾ ਟਾਈਗਰ ਫੋਰਸ

## ਖਾਲਿਸਤਾਨੀ ਸੁਪਨੇ ਦਾ ਬੀਮਾਰ ਪੰਨੂ ਐਸਸੀ ਅਤੇ -ਸਿੱਖ ਭਾਈਚਾਰੇ ਵਿੱਚ ਦਰਾੜ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ : ਬੀਰਪਾਲ,ਨੇਕੂ,ਹੈਪੀ,ਸ਼ਤੀਸ਼

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 03 ਅਪਰੈਲ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ 3 ਅਪ੍ਰੈਲ ( ਤਰਸੇਮ ਦੀਵਾਨਾ ) ਬੇਗਮਪੁਰਾ ਟਾਇਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਬੇਗਮਪੁਰਾ ਟਾਇਗਰ ਫੋਰਸ ਵੱਲੋਂ ਮਿੰਨੀ ਸੈਕਟਰੀਏਟ ਦੇ ਬਿਲਕੁਲ ਸਾਹਮਣੇ ਵਿਦੇਸ਼ ਵਿੱਚ ਰਹਿ ਰਹੇ ਖਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਦਾ ਪੁਤਲਾ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਦੋਆਬਾ ਪ੍ਰਧਾਨ ਨੇਕੂ ਅਜਨੋਹਾਂ,ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਤੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸ਼ਤੀਸ਼ ਕੁਮਾਰ ਸ਼ੇਰਗੜ੍ਹ ਦੀ ਪ੍ਰਧਾਨਗੀ ਹੇਠ ਫੂਕਿਆ ਗਿਆ ! ਇਸ ਮੌਕੇ ਫੋਰਸ ਦੇ ਆਗੂਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਦੇਸ਼ ਵਿੱਚ ਰਹਿ ਰਿਹਾ ਇੱਕ ਅਖੌਤੀ ਖਾਲਿਸਤਾਨੀ ਗੁਰਪਤਵੰਤ ਪੰਨੂ ਦੇ ਉਕਸਾਵੇ ‘ਤੇ ਭਾਰਤ ਰਤਨ ਅਤੇ ਭਾਰਤ ਦੇਸ਼ ਦੇ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਜੀ ਦੀ ਮੂਰਤੀ ‘ਤੇ ਕੁਝ ਸ਼ਰਾਰਤੀ ਅਨਸਰਾਂ ਵਲੋਂ ਭੜਕਾਊ ਸ਼ਬਦਾਵਲੀ ਲਿਖਣ ਦਾ ਐਸਸੀ ਸਮਾਜ ਨੇ ਸਖ਼ਤ ਨੋਟਿਸ ਲਿਆ ਹੈ ਉਹਨਾਂ ਕਿਹਾ ਕਿ ਪੰਨੂ ਹੱਦਾਂ ਪਾਰ ਕਰ ਰਿਹਾ ਹੈ ਪ੍ਰੰਤੂ ਉਸਨੂੰ ਉਹਦੇ ਵਲੋਂ ਹੀ ਕੀਤੇ ਗਏ ਕਮੀਨੇਪੰਨ ਦੇ ਇੱਕ ਨਾ ਇੱਕ ਦਿਨ ਨਤੀਜੇ ਭੁਗਤਣੇ ਪੈਣਗੇ । ਉਹਨਾਂ ਕਿਹਾ ਕਿ ਖਾਲਿਸਤਾਨੀ ਸੁਪਨੇ ਦਾ ਬੀਮਾਰ ਪੰਨੂ ਐਸਸੀ ਅਤੇ -ਸਿੱਖ ਭਾਈਚਾਰੇ ਵਿੱਚ ਦਰਾਰ ਪਾਉਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ ਜਿਹੜੀ ਕਿ ਸਫਲ ਨਹੀਂ ਹੋਣ ਦਿੱਤੀ ਜਾਵੇਗੀ ਉਹਨਾਂ ਪੰਨੂ ਵੱਲੋਂ ਜਾਰੀ ਕੀਤੀ ਗਈ ਵੀਡੀਓ ਨੂੰ ਬਹੁਤ ਹੀ ਨਿੰਦਣਯੋਗ



ਕਰਾਰ ਦਿੱਤਾ ਅਤੇ ਕਿਹਾ ਕਿ ਦੇਸ ਧ੍ਰੋਹੀ ਪੰਨੂੰ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਨਾਮ ਵੀ ਸਤਿਕਾਰ ਨਾਲ ਨਹੀਂ ਲਿਆ ਜੋ ਕਿ ਬਹੁਤ ਹੀ ਇਤਰਾਜ਼ਯੋਗ ਹੈ। ਉਹਨਾਂ ਖਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਅਗਰ ਤੇਰੀਆਂ ਆਪਣੀਆਂ ਲੱਤਾਂ ਭਾਰ ਝੱਲਦੀਆਂ ਹਨ ਤਾਂ ਪੰਜਾਬ ਵਿੱਚ ਆਕੇ ਬਾਬਾ ਸਾਹਿਬ ਜੀ ਦੇ ਬੁੱਤ ਨੂੰ ਹੱਥ ਲਾ ਕੇ ਦਿਖਾ ਫਿਰ ਤੈਨੂੰ ਪਤਾ ਲੱਗ ਜਾਵੇਗਾ ਕਿ ਐਸੀ ਸਮਾਜ ਕਿੱਥੇ ਤੱਕ ਜਾ ਸਕਦਾ ਹੈ ਉਹਨਾਂ ਕਿਹਾ ਕਿ ਵਿਦੇਸ਼ ਵਿੱਚ ਰਹਿ ਕੇ ਇਹੋ ਜਿਹੀਆਂ ਘਿਨਾਉਣੀਆਂ ਹਰਕਤਾਂ ਕਰਨ ਵਾਲਾ ਬੁਝਦਿਲ ਅਤੇ ਕਾਇਰ ਅਖਵਾਉਂਦਾ ਹੈ ! ਆਗੂਆਂ ਨੇ ਭਾਰਤ ਸਰਕਾਰ ਤੋਂ ਪੁਰਜੋਰ ਮੰਗ ਕੀਤੀ ਕਿ ਇਸ ਮਾਮਲੇ ਨੂੰ ਅਮਰੀਕੀ ਸਰਕਾਰ ਸਾਹਮਣੇ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇ ਅਤੇ ਪੰਨੂ ਦੀ ਹਵਾਲਗੀ ਦੀ ਮੰਗ ਕੀਤੀ ਜਾਵੇ। ਕਿਉਂਕਿ ਪੰਨੂ ਨੇ ਇਹ ਵੀਡੀਓ ਪੰਜਾਬ ਵਿੱਚ ਹਿੰਸਾ ਭੜਕਾਉਣ ਲਈ ਪਾਇਆ ਹੈ। ਆਗੂਆਂ ਨੇ ਬੁਜਦਿਲ ਗਵਾਰ ਅਨਪੜ੍ਹ ਅਤੇ ਦੇਸ਼ਧ੍ਰੋਹੀ ਪੰਨੂੰ ਨੂੰ ਚੇਤਾਵਨੀ ਦਿੱਤੀ ਕਿ ਜੇਕਰ 14 ਅਪ੍ਰੈਲ ਨੂੰ ਡਾ. ਅੰਬੇਡਕਰ ਜੀ ਦੀ ਮੂਰਤੀ ਨਾਲ ਪੂਰੇ ਪੰਜਾਬ ਵਿੱਚ ਕਿਤੇ ਵੀ ਛੇੜਛਾੜ ਕਰਨ ਦੀ ਕਿਸੇ ਨੇ ਗੁਸਤਾਖੀ ਕੀਤੀ ਤਾਂ ਉਸਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸ਼ਰਾਰਤੀ ਅਨਸਰ ਖਾਲਿਸਤਾਨੀ ਸਮਰਥਕ ਪੰਨੂ ਪੰਜਾਬ ਵਿੱਚ ਬੇਗੁਨਾਹ ਮੁੰਡਿਆਂ ਨੂੰ ਮਰਵਾ ਕੇ ਖੂਨ-ਖਰਾਬਾ ਕਰਵਾਉਣਾ ਚਾਹੁੰਦਾ ਹੈ । ਜਿਸ ਲਈ ਉਹ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ. ਆਈ. ਦੇ ਇਸ਼ਾਰੇ ‘ਤੇ ਅਮਰੀਕਾ ਵਿੱਚ ਬੈਠ ਕੇ ਖੁੱਲ੍ਹੇਆਮ ਪੰਜਾਬੀ ਨੌਜਵਾਨਾਂ ਨੂੰ ਭੜਕਾ ਰਿਹਾ ਹੈ।

ਉਹਨਾਂ ਗੁਰਪਤਵੰਤ ਪੰਨੂ ਨੂੰ ਪੰਜਾਬ ਆਉਣ ਦੀ ਚੁਣੌਤੀ ਦਿੱਤੀ ਅਤੇ ਕਿਹਾ ਕਿ ਜੇਕਰ ਪੰਨੂ ਤੇਰੇ ਵਿੱਚ ਹਿੰਮਤ ਹੈ ਤਾਂ ਤੂੰ ਖੁਦ ਪੰਜਾਬ ਆ ਕੇ ਡਾ. ਅੰਬੇਡਕਰ ਜੀ ਦੀ ਕਿਸੇ ਵੀ ਮੂਰਤੀ ਨੂੰ ਹਟਾਉਣਾ ਤਾਂ ਦੂਰ ਦਿ ਗੱਲ ਹੈ ਹੱਥ ਲਾ ਕੇ ਹੀ ਦਿਖਾ । ਐਸਸੀ ਸਮਾਜ ਪੰਨੂੰ ਨੂੰ ਅਜਿਹਾ ਸਬਕ ਸਿਖਾਏਗਾ ਕਿ ਉਸਦੀਆਂ ਸੱਤ ਪੀੜੀਆਂ ਭੁੱਲ ਨਹੀਂ ਸਕਣਗੀਆਂ। ਇਸ ਮੌਕੇ ਹੋਰਨਾਂ ਇਲਾਵਾ ਜਤਿੰਦਰ ਭੇਲੂ, ਸਾਬਕਾ ਸਰਪੰਚ ਚੰਗਰਾ ਗੋਪਾ ਸੁੰਦਰ ਨਗਰ,ਨਵੀ ਸੁੰਦਰ ਨਗਰ, ਰਵੀ ਸੁੰਦਰ ਨਗਰ, ਸੁਖਵਿੰਦਰ ਸੁੱਖੀ ਫਤਿਹਗੜ੍ਹ ਇਕਬਾਲ ਤੇ ਲੈਬੀ ਫਤਿਹਗੜ੍ਹ ਲਵਪ੍ਰੀਤ ਤੇ ਵਿਸ਼ਾਲ ਸੁੰਦਰ ਨਗਰ ਸਾਬੀ ਸੁੰਦਰ ਨਗਰ, ਵਿੱਕੀ ਪੁਰਹੀਰਾ, ਵਿਸ਼ਾਲ ਬਜਵਾੜਾ, ਨੇਕੀ ਨਸਰਾਲਾ, ਵਿੱਕੀ,ਜਤਿੰਦਰਪੁਰ ਹੀਰਾ,ਬਲਾਕ ਪ੍ਰਧਾਨ ਬੰਟੀ ਹਰਿਆਣਾ, ਰਾਹੁਲ ਕਲੋਤਾ,ਮਨਪ੍ਰੀਤ ਕਲੋਤਾ,ਅਮਰੀਕ ਸਿੰਘ, ਸਤੀਸ਼ ਰਵਿੰਦਾ ਹਰਿਆਣਾ, ਕਲਸੀ ਹਰਿਆਣਾ, ਤਜਿੰਦਰ ਸਿੰਘ, ਰਕੇਸ਼ ਕੁਮਾਰ, ਸੁਨੀਲ ਕੁਮਾਰ,ਜੱਸੀ ਹਰਿਆਣਾ,ਰਮਨ, ਅਨੁਰਾਗ,ਸੁਮਿਤ ਹਰਿਆਣਾ,ਹਰੀ ਰਾਮ ਆਦੀਆ,ਸੰਦੀਪ ਹਰਿਆਣਾ,ਸਤੀਸ਼ ਕੁਮਾਰ ਸ਼ੇਰਗੜ੍ਹ,ਕਰਨ ਸੰਧੂ ਸ਼ੇਰਗੜ੍ਹ,ਗੁਰਪਾਲ ਸ਼ੇਰਗੜ੍ਹ,ਸਾਜਨ ਸ਼ੇਰਗੜ੍ਹ, ਸੁਨੀਲ ਸ਼ੇਰਗੜ੍ਹ, ਰਾਜੂ ਸ਼ੇਰਗੜ੍ਹ,ਜੱਗੂ ਸ਼ੇਰਗੜ੍ਹ,ਅਜੇ ਸ਼ੇਰਗੜ੍ਹ,ਹੈਪੀ ਸ਼ੇਰਗੜ੍ਹ,ਲਾਡੀ ਸ਼ੇਰਗੜ੍ਹ,ਅਵਿਨਾਸ਼ ਸਿੰਘ ਸ਼ੇਰਗੜ੍ਹ,ਜਿੰਦਰ ਪਾਲ ਸ਼ੇਰਗੜ੍ਹ,ਮੰਗਾ ਸ਼ੇਰਗੜ੍ਹ,ਜਸ ਸ਼ੇਰਗੜ੍ਹ, ਕਮਲਜੀਤ ਡਾਡਾ, ਅਮਨਦੀਪ, ਵਿਸ਼ਾਲ, ਪਿੰਕਾ, ਦਵਿੰਦਰ, ਸ਼ੁਭਮ,ਗੌਰਵ,ਸੁਖ, ਪਵਨ,ਪ੍ਰਿੰਸ,ਰਾਜਾ, ਵਿਸ਼ਾਲ,ਨੇਨੀ,ਰੋਹਿਤ ਨਾਰਾ, ਢਿੱਲੋ ਬੱਧਣ, ਗੋਪੀ, ਲੱਕੀ, ਕੁਲਦੀਪ ਸਿੰਘ, ਆਕਾਸ਼, ਅਮਰੀਕ ਸਿੰਘ, ਬਿਸ਼ਨ ਪਾਲ, ਨਾਨਕ ਚੰਦ, ਲੱਕੀ, ਸੁਖਦੇਵ, ਬਲਦੇਵ ਸਿੰਘ, ਆਦਿ ਹਾਜ਼ਰ ਸਨ !

# ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਅੱਪਰਾ ਦੇ 5ਵੀਂ ਕਲਾਸ ਦੇ ਵਿਦਿਆਰਥੀ ਦੀ ਨਵੋਦਿਆ ਵਿਦਿਆਲਾ ਲਈ ਹੋਈ ਚੋਣ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 03 ਅਪਰੈਲ INTERNATIONAL PAPER, 94636 01616 hardipchumber57@gmail.com

ਫਿ ਲੌ ਰ / ਅੱ ਪ ਰਾ (ਦੀਪਾ)-ਸਥਾਨਕ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਅੱਪਰਾ ਦੇ 5ਵੀਂ ਕਲਾਸ ਦੇ ਵਿਦਿਆਰਥੀ ਨੀਰਜ ਸੁਆਣ ਪਿਤਾ ਹਰਦੀਪ ਕੁਮਾਰ ਮਾਤਾ ਗੀਤਾ ਰਾਣੀ ਦੀ ਨਵੋਦਿਆ




ਵਿਦਿਆਲਾ ਲਈ ਚੋਣ ਹੋਈ ਹੈ | ਇਸ ਮੌਕੇ ਜਾਣਕਾਰੀ ਦਿੰਦਿਆਂ ਮੈਡਮ ਉਸ਼ਾ ਰਾਣੀ ਨੇ ਦੱਸਿਆ ਕਿ ਨੀਰਜ ਸੁਆਣ ਨੇ ਆਪਣੇ ਮਾਤਾ ਪਿਤਾ, ਸਕੂਲ ਤੇ ਸਕੂਲ ਸਟਾਫ਼ ਦਾ ਨਾਂ ਰੌਸ਼ਨ ਕੀਤਾ ਹੈ | ਉਨਾਂ ਅੱਗੇ ਦੱਸਿਆ ਕਿ ਬਾਕੀ ਸਕੂਲ ਦਾ ਨਤੀਜਾ ਵੀ ਸ਼ਾਨਦਾਰ ਰਿਹਾ ਹੈ | ਇਸ ਮੌਕੇ ਨੀਰਜ ਸੁਆਣ ਨੂੰ ਸਨਮਾਨਿਤ ਵੀ ਕੀਤਾ ਗਿਆ | ਇਸ ਮੌਕੇ ਮੈਡਮ ਉਸ਼ਾ ਰਾਣੀ, ਮਨੀਸ਼ ਕੁਮਾਰ, ਪਿੰਕੀ, ਚੇਅਰਪਰਸਨ ਸੁਰਿੰਦਰ ਕੌਰ, ਹਰਦੀਪ ਕੁਮਾਰ, ਗੀਤਾ ਰਾਣੀ, ਕਾਜ ਪਰਮਜੀਤ ਕੌਰ ਵੀ ਹਾਜ਼ਰ ਸਨ |

# ਸ. ਨਛੱਤਰ ਸਿੰਘ ਯੂ.ਕੇ. ਵਲੋਂ ਛੱਪੜ ਦੇ ਗੰਦੇ ਪਾਣੀ ਦੇ ਨਿਕਾਸ ਲਈ ਪਾਇਪ ਲਾਈਨ ਪਾਉਣ ਦਾ ਕੰਮ ਸ਼ੁਰੂ ਕਰਵਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 03 ਅਪਰੈਲ INTERNATIONAL PAPER, 94636 01616 hardipchumber57@gmail.com

ਫਿ ਲੌ ਰ / ਅੱ ਪ ਰਾ (ਦੀਪਾ)-ਬਿਨਾਂ ਸਰਕਾਰੀ ਗ੍ਰਾਂਟ ਤੋਂ ਨਗਰ ਨਿਵਾਸੀਆਂ ਅਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਪਿੰਡ ਛੋਕਰਾਂ ਦੀ ਗ੍ਰਾਮ ਪੰਚਾਇਤ ਵਲੋਂ ਲਗਾਤਾਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਇਸੇ ਤਹਿਤ ਬੀਤੇ ਦਿਨੀ ਸਰਦਾਰ ਨਛੱਤਰ ਸਿੰਘ ਯੂ.ਕੇ. ਵਲੋਂ ਛੱਪੜ ਦੇ ਗੰਦੇ ਪਾਣੀ



ਦੇ ਨਿਕਾਸ ਲਈ ਪਾਇਪ ਲਾਈਨ ਪਾਉਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਜਿਸਦਾ ਨੀਂਹ ਪੱਥਰ ਸਰਦਾਰ ਨਛੱਤਰ ਸਿੰਘ ਯੂ.ਕੇ. ਅਤੇ ਉਹਨਾਂ ਦੀ ਧਰਮਪਤਨੀ ਵਲੋਂ ਰੱਖਿਆ ਗਿਆ।ਇਸ ਮੌਕੇ ਸਮੁੱਚੀ ਪੰਚਾਇਤ ਸਰਪੰਚ ਕਿਰਪਾਲ ਸਿੰਘ ਪਾਲੀ, ਪੰਚ ਮਨਜੀਤ ਸਿੰਘ ਖਾਲਸਾ,ਪੰਚ ਰਣਜੀਤ ਸਿੰਘ ਖਾਲਸਾ,ਪੰਚ ਮੁਖਤਿਆਰ ਰਾਮ,ਪੰਚ ਤਿਲਕ ਰਾਜ,ਪੰਚ ਸੁਰਿੰਦਰ ਕੁਮਾਰ ਬਾਟਾ,ਪੰਚ ਛਿੰਦੋ,ਪੰਚ ਕਿਰਨਦੀਪ ਕੌਰ,ਪੰਚ ਜਤਿੰਦਰਜੀਤ ਕੌਰ,ਪੰਚਾਇਤ ਸਕੱਤਰ ਪਰਮਿੰਦਰ ਸਿੰਘ,ਸੈਕਟਰੀ ਜਗਰੂਪ ਸਿੰਘ, ਜੇ.ਈ. ਮੁਹੰਮਦ ਜੈਈਦ,ਜਗਤਾਰ ਸਿੰਘ ਤਾਰੀ,ਸਾਬਕਾ ਪੰਚ ਦੀਪਾ,ਅਵਤਾਰ ਸਿੰ ਘ , ਅ ਮ ਰ ਜੀ ਤ ਕਾਲਾ,ਗੁਰਪਾਲ ਸਿੰਘ ਸਹੋਤਾ,ਪਵਿੱਤਰ ਸਿੰਘ ਪਿੱਤਾ, ਬਲਵੀਰ ਸਿੰਘ, ਮੈਡਮ ਉਰਮਿਲਾ ਆਦਿ ਪਿੰਡ ਮੋਹਤਵਰ ਹਾਜ਼ਰ ਸਨ। ਇਸ ਮੌਕੇ ਗ੍ਰਾਮ ਪੰਚਾਇਤ ਵਲੋਂ ਸਰਦਾਰ ਨਛੱਤਰ ਸਿੰਘ ਯੂ.ਕੇ. ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

# ਮਿਸ਼ਨਰੀ ਗਾਇਕਾਂ ਦੀ ਕਹਿਣੀ ਅਤੇ ਕਰਨੀ ਵਿੱਚ ਕੋਈ ਫਰਕ ਨਹੀਂ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 03 ਅਪਰੈਲ INTERNATIONAL PAPER, 94636 01616 hardipchumber57@gmail.com

ਫਿਲੌਰ (ਚਰਨਜੀਤ ਸੱਲ੍ਹਾ ) ਮਿਸ਼ਨਰੀ ਗਾਇਕਾਂ ਦੀ ਕਹਿਣੀ ਅਤੇ ਕਰਨੀ ਵਿੱਚ ਕੋਈ ਫਰਕ ਕੋਈ ਅੰਤਰ ਨਹੀਂ ਹੈ ਕਿਉਂਕਿ ਕਿ ਇਹ ਸਮਾਜ ਤੇ ਜਾਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਨੂੰ ਕੋਈ ਨੁਕਸਾਨ ਪਹੁੰਚਾਉਂਦਾ ਹੈ ਤਾਂ ਇਹ ਮਿਸ਼ਨਰੀ ਗਾਇਕ ਆਪ ਅੱਗੇ ਆ ਕੇ ਉਸ ਇਨਸਾਨੀਅਤ ਵਿਰੋਧੀ ਨਾਲ ਟੱਕਰ ਲੈਂਦੇ ਹਨ ਇਹ ਗੱਲ ਅੱਜ ਉਨ੍ਹਾਂ ਨੇ ਸਾਬਤ ਕਰ ਦਿੱਤੀ ਹੈ ਕਿ ਉਹ





ਆਪ ਪਹਿਲਾਂ ਖੜਨਗੇ ਅਤੇ ਲੜਨਗੇ।ਜੋ ਧਰਨਾ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਪੱਖ ਵਿੱਚ ਫਿਲੌਰ ਹਲਕੇ ਦੇ ਪਿੰਡ ਨੰਗਲ ਵਿੱਚ ਚੱਲ ਰਿਹਾ ਹੈ ਉਸ ਧਰਨੇ ਵਿੱਚ ਸਾਡੇ ਸਮਾਜ ਦੀ ਆਣ ਅਤੇ ਸ਼ਾਨ ਮਿਸ਼ਨਰੀ ਗਾਇਕ ਰੂਪ ਲਾਲ ਧੀਰ, ਐਸ਼ ਐਸ ਆਜ਼ਾਦ, ਬਲਵਿੰਦਰ ਬਿੱਟੂ, ਮਨਜੀਤ ਸੋਨੂੰ, ਗੋਲਡੀ ਮਲਿਕ,ਰਾਜ ਦਦਰਾਲ ,ਕਮਲ ਤੱਲਣ, ਵਿੱਕੀ ਬਹਾਦਰ ਕੇ, ਲੱਤਾ ਜੀ ਅਤੇ ਪ੍ਰਿਆ ਬੰਗਾ, ਮਨਦੀਪ ਮਾਲਵਾ ਵਰਗੇ ਕਲਾਕਾਰਾਂ ਤੇ ਸਾਨੂੰ ਮਾਣ ਹੈ ਜਿਨ੍ਹਾਂ ਨੇ ਜਬਰ ਅਤੇ ਮਾੜੀ ਸੋਚ ਦੇ ਧਾਰਨੀ ਲੋਕਾਂ ਨਾਲ ਕਿਸ ਤਰ੍ਹਾਂ ਨਜਿੱਠਣਾ ਹੈ ਅਤੇ ਸਮਾਜ ਦੇ ਲੋਕਾਂ ਨੂੰ ਵੀ ਇਹ ਕਹਿਣ ਹੈ ਕਿ ਤੁਹਾਡੇ ਨਾਲ ਕੋਈ ਬਦਸਲੂਕੀ ਕਰਦਾ ਹੈ ਤਾਂ ਇਹ ਮਿਸ਼ਨਰੀ ਗਾਇਕ ਖੜ੍ਹੇ ਹੁੰਦੇ ਹਨ।

# ਬੀਤੇ ਕੱਲ੍ਹ ਬਟਾਲਾ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਣ ਕਰਕੇ 6 ਨੌਜਵਾਨ ਹਿਰਾਸਤ ਵਿੱਚ ਲਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 03 ਅਪਰੈਲ INTERNATIONAL PAPER, 94636 01616 hardipchumber57@gmail.com

ਬਟਾਲਾ ( ਚਰਨਜੀਤ ਸੱਲ੍ਹਾ ) ਬੀਤੇ ਕੱਲ੍ਹ ਬਟਾਲਾ ਚ ਡਾ ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਭੰਨ ਤੋੜ ਹੋਣ ਦਾ ਮਾਮਲਾ ਸਮਨੇ ਆਇਆ ਸੀ ਜਿਸ ਨੂੰ ਲੈਕੇ ਬਟਾਲਾ ਪੁਲਿਸ ਵਲੋ ਕੇਸ ਦਰਜ ਕਰ ਤਫ਼ਤੀਸ਼ ਕੀਤੀ ਜਾ ਰਹੀ ਸੀ — ਡੀ ਆਈ ਜੀ ਬਾਰਡਰ ਰੰਜੇ ਸਤਿੰਦਰ ਸਿੰਘ ਨੇ ਇਸ ਮਾਮਲੇ ਚ ਖੁਲਾਸਾ ਕਰਦੇ ਦਾਅਵਾ ਕੀਤਾ ਕਿ ਬਟਾਲਾ ਪੁਲਿਸ ਵੱਲੋਂ




ਬੁਤ ਨੂੰ ਨੁਕਸਾਨ ਦੇਣ ਵਾਲੇ 6 ਨੌਜਵਾਨਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਦਕਿ ਇਸ ਮਾਮਲੇ ਚ ਉਹਨਾਂ ਵਲੋ 31 ਮਾਰਚ ਦੀ ਦੇਰ ਰਾਤ ਉੱਥੇ ਇਸ ਬੁੱਤ ਨਾਲ ਭੰਨਤੋੜ ਕੀਤੀ ਗਈ ਸੀ ਉੱਥੇ ਹੀ ਪੁਲਿਸ ਅਧਕਾਰੀ ਦਾ ਕਹਿਣਾ ਹੈ ਕਿ ਗ੍ਰਿਫਤਾਰੀ ਕੀਤੀ ਗਈ ਹੈ ਅਤੇ ਇਸ ਗੱਲ ਦੀ ਪੁੱਛਗਿੱਛ ਇਨ੍ਹਾਂ ਕੋਲ ਕੀਤੀ ਜਾ ਰਹੀ ਹੈ ਕਿ ਜੋ ਉਹਨਾਂ ਵਲੋ ਇਹ ਵਾਰਦਾਤ ਕੀਤੀ ਗਈ ਹੈ ਉਸ ਪਿੱਛੇ ਨੌਜਵਾਨਾਂ ਦਾ ਮਕਸਦ ਕੀ ਸੀ ਅਤੇ ਜਾ ਕਿਸੇ ਦੇ ਇਸ਼ਾਰੇ ਤੇ ਇਨ੍ਹਾਂ ਵਲੋ ਇਹ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ ਇਸ ਬਾਰੇ ਜਾਂਚ ਕਰ ਜਲਦ ਖੁਲਾਸੇ ਕਿਤੇ ਜਾਣਗੇ ।

# ਲਾਲ ਚੰਦ ਕਟਾਰੂਚੱਕ ਨੇ ਰਾਜਪੁਰਾ ਅਨਾਜ ਮੰਡੀ ਤੋਂ ਰਾਜ ‘ਚ ਕਣਕ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਵਾਈ

- -ਪੰਜਾਬ ਕੋਲ 28894 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਟ ਉਪਲਬਧ, 2425 ਰੁਪਏ ਦੀ ਐਮ.ਐਸ. ਪੀ. ‘ਤੇ ਹੋਵੇਗੀ ਕਣਕ ਦੀ ਖਰੀਦ -ਕਟਾਰੂਚੱਕ
- -ਕਿਹਾ, ਸੂਬੇ ਦੀਆਂ 1865 ਮੰਡੀਆਂ ਵਿੱਚ 8 ਲੱਖ ਕਿਸਾਨਾਂ ਦੀ ਕਣਕ ਦੀ ਜਿਣਸ ਦਾ ਇੱਕ-ਇੱਕ ਦਾਣਾ ਖਰੀਦਣ ਲਈ ਸਾਰੇ ਪ੍ਰਬੰਧ ਮੁਕੰਮਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਰਾਜਪੁਰਾ, 3 ਅਪ੍ਰੈਲ:2025(ਬੇਅੰਤ ਸਿੰਘ ਰੋਹਟੀ ਖਾਸ)

ਪੰਜਾਬ ਦੇ ਖੁਰਾਕ ਅਤੇ ਸਿਵਲ ਸਪਲਾਈਜ਼ ਤੇ ਖਪਤਕਾਰ ਸੁਰੱਖਿਆ ਮਾਮਲੇ ਵਿਭਾਗ ਦੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਰਾਜਪੁਰਾ ਅਨਾਜ ਮੰਡੀ ਵਿਖੇ ਰਾਜ ਵਿੱਚ ਕਣਕ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਵਾਈ।

ਇਸ ਮੌਕੇ ਸ੍ਰੀ ਕਟਾਰੂਚੱਕ ਨੇ ਪਿੰਡ ਭੱਪਲ ਦੇ ਕਿਸਾਨ ਹਰਵਿੰਦਰ ਸਿੰਘ ਵਲੋਂ ਮੰਡੀ ‘ਚ ਲਿਆਂਦੀ ਕਣਕ ਦੀ ਢੇਰੀ ਦੀ ਬੋਲੀ ਕਰਵਾਉਂਦਿਆਂ ਰਾਜ ਦੇ ਕਿਸਾਨਾਂ ਦਾ ਪੰਜਾਬ ਦੀਆਂ ਮੰਡੀਆਂ ਵਿੱਚ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਤਰਫ਼ੋਂ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ, ਵਿਭਾਗ ਦੇ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੀ ਮੌਜੂਦ ਸਨ।



ਫੋਟੋ ਕੈਪਸ਼ਨ-ਪੰਜਾਬ ਦੇ ਖੁਰਾਕ ਅਤੇ ਸਿਵਲ ਸਪਲਾਈਜ਼ ਤੇ ਖਪਤਕਾਰ ਸੁਰੱਖਿਆ ਮਾਮਲੇ ਵਿਭਾਗ ਦੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਰਾਜਪੁਰਾ ਅਨਾਜ ਮੰਡੀ ਵਿਖੇ ਰਾਜ ਵਿੱਚ ਕਣਕ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਵਾਉਂਦੇ ਹੋਏ।ਉਨ੍ਹਾਂ ਦੇ ਨਾਲ ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ, ਵਿਭਾਗ ਦੇ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੀ ਨਜ਼ਰ ਆ ਰਹੇ ਹਨ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਇਸ ਮੌਕੇ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਦੱਸਿਆ ਕਿ ਆਰ.ਬੀ.ਆਈ ਵਲੋਂ ਪੰਜਾਬ ਨੂੰ 28894 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਟ ਪ੍ਰਾਪਤ ਹੋਈ ਹੈ ਅਤੇ ਪੰਜਾਬ ਸਰਕਾਰ ਸੂਬੇ ਦੇ ਕਰੀਬ 8 ਲੱਖ ਕਿਸਾਨਾਂ ਦੀ ਕਣਕ ਦੀ ਜਿਣਸ ਦਾ ਇੱਕ-ਇੱਕ ਦਾਣਾ 2425 ਰੁਪਏ ਦੀ ਐਮ.ਐਸ. ਪੀ. ‘ਤੇ ਖ਼ਰੀਦ ਕਰੇਗੀ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ 1865 ਮੰਡੀਆਂ ਤੋਂ ਇਲਾਵਾ ਲੋੜ ਪੈਣ ‘ਤੇ 600 ਆਰਜੀ ਖਰੀਦ ਕੇਂਦਰਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ, ਜਿੱਥੇ ਕਣਕ ਦੀ ਖਰੀਦ ਲਈ ਲੋੜੀਂਦੇ ਬਾਰਦਾਨੇ ਦੇ 5 ਲੱਖ ਗੱਟਿਆਂ ਦੇ ਪ੍ਰਬੰਧ ਵੀ ਮੁਕੰਮਲ ਹਨ।

ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਗੇ ਦੱਸਿਆ ਕਿ ਐਫ.ਸੀ.ਆਈ ਨੇ ਪੰਜਾਬ ਲਈ 124 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਦਾ ਟੀਚਾ ਰੱਖਿਆ ਹੈ ਅਤੇ ਪ੍ਰਮਾਤਮਾ ਦੀ ਮਿਹਰ ਸਦਕਾ ਇਸ ਵਾਰ ਰਾਜ ਵਿੱਚ ਕਣਕ ਦੀ ਬੰਪਰ ਫ਼ਸਲ ਦੀ ਸੰਭਾਵਨਾ ਹੈ ਜਿਸ ਕਰਕੇ ਇਹ ਟੀਚਾ ਸਹਿਜੇ ਹੀ ਪੂਰਾ ਕਰ ਲਿਆ ਜਾਵੇਗਾ।

ਕੈਬਨਿਟ ਮੰਤਰੀ ਨੇ ਪੰਜਾਬ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਬਿਲਕੁਲ ਚੜ੍ਹਦੀਕਲਾ ‘ਚ ਆਪਣੀ ਫ਼ਸਲ ਮੰਡੀਆਂ ਵਿੱਚ ਲੈ ਕੇ ਆਉਣ ਅਤੇ ਸਰਕਾਰ ਇੱਕ-ਇੱਕ ਦਾਣਾ ਖ਼੍ਰੀਦਣ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਸਮੇਤ ਮਜ਼ਦੂਰਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ, ਜਿਸ ਲਈ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਨਾਲ-ਨਾਲ ਸਮੁੱਚਾ ਪ੍ਰਸ਼ਾਸਨ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਏਗਾ।

ਇਸ ਮੌਕੇ ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਆੜਤੀ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਰਵਿੰਦਰ ਸਿੰਘ ਚੀਮਾ, ਆੜਤੀ ਐਸੋਸੀਏਸ਼ਨ ਜਿਲ੍ਹਾ ਪਟਿਆਲਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਪ੍ਰਧਾਨ ਅਨਾਜ ਮੰਡੀ ਦਵਿੰਦਰ ਸਿੰਘ ਵੈਦਵਾਨ ਸਮੇਤ ਹੋਰ ਪਤਵੰਤੇ ਮੌਜੂਦ ਸਨ।

# ਡਿਪਟੀ ਸਪੀਕਰ ਨੇ ਵਿਕਾਸ ਕਾਰਜਾਂ ਸਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਨੇ ਅੱਜ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਵਿਕਾਸ ਕਾਰਜਾਂ ਅਤੇ ਭਲਾਈ ਸਕੀਮਾਂ ਦੇ ਲਾਭ ਸਬੰਧੀ ਜਾਣਕਾਰੀ ਲੈਂਦਿਆਂ ਕਿਹਾ ਕਿ ਪੈਂਡਿੰਗ ਵਿਕਾਸ ਕਾਰਜਾਂ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਿਆ ਜਾਵੇ। ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ ਸਮੇਤ ਡਿਪਟੀ ਸਪੀਕਰ ਨੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਨਾਲ ਸਬੰਧਤ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਚੱਲ ਰਹੇ ਵਿਕਾਸ ਕੰਮਾਂ ਦੀ ਰਫ਼ਤਾਰ ਵਿਚ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਯੋਗ ਲਾਭਪਾਤਰੀਆਂ ਨੂੰ ਸੁਖਾਲੇ ਢੰਗ ਨਾਲ ਮਿਲਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਉਹ ਇਨ੍ਹਾਂ ਸਕੀਮਾਂ ਦਾ ਬਣਦਾ ਲਾਹਾ ਲੈ ਸਕਣ। ਡਿਪਟੀ ਸਪੀਕਰ ਨੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਅਤੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗਾ ਦੇ ਕੰਮਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਹਲਕੇ ਵਿਚ ਹਰ ਕੱਚੇ ਘਰ ਨੂੰ ਪੱਕਾ ਕਰਨ ਦੇ ਨਾਲ-ਨਾਲ ਲੋਕਾਂ ਨੂੰ ਪਾਣੀ ਦੀ ਨਿਰਵਿਘਨ ਸਪਲਾਈ ਮੁਹੱਈਆ ਕਰਵਾਉਣਾ ਵੀ ਉਨ੍ਹਾਂ ਦੇ ਤਰਜ਼ੀਹੀ ਖੇਤਰ ਵਿਚ ਸ਼ਾਮਲ ਹੈ। ਡਿਪਟੀ ਸਪੀਕਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਵੱਖ-ਵੱਖ ਪਿੰਡਾਂ ਵਿਚ ਹੋਣ ਵਾਲੇ ਵਿਕਾਸ ਕਾਰਜਾਂ ਦੀ ਵਿਸਥਾਰਤ ਤਜਵੀਜ਼ ਤਿਆਰ ਕੀਤੀ ਜਾਵੇ ਤਾਂ ਜੋ ਇਨ੍ਹਾਂ ਕੰਮਾਂ ਲਈ ਲੋੜੀਂਦੇ ਫੰਡ ਜਾਰੀ ਕਰਵਾ ਕੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਦਿੱਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਕੰਢੀ ਦੇ ਪਿੰਡਾਂ ਨਾਲ ਸਬੰਧਤ ਮਸਲਿਆਂ ਨੂੰ ਪਹਿਲ ਦੇ ਆਧਾਰ ‘ਤੇ ਨਿਪਟਾਉਂਦਿਆਂ ਇਨ੍ਹਾਂ ਖੇਤਰਾਂ ਵਿਚ ਹਰ ਬੁਨਿਆਦੀ ਸਹੂਲਤ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਮਿੱਥੇ ਟੀਚਿਆਂ ਨੂੰ ਸਫਲਤਾਪੂਰਵਕ ਹਾਸਲ ਕੀਤਾ ਜਾਵੇਗਾ ਜਿਸ ਲਈ ਹਰ ਵਰਗ ਦਾ ਲੋੜੀਂਦਾ ਸਹਿਯੋਗ ਲਾਜ਼ਮੀ ਹੈ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਗੜ੍ਹਸ਼ੰਕਰ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਦੀਪ ਸਿੰਘ ਵੀ ਮੌਜੂਦ ਸਨ।




# ਪਿੰਡ ਮਾਣਕਵਾਲ ਵਿਖੇ ਕਰਵਾਏ ਗਏ ਸੱਭਿਆਚਾਰਕ ਮੇਲੇ ਵਿੱਚ ਪ੍ਰਧਾਨ ਅਸ਼ੋਕ ਮਸਤੀ, ਮਨਜੀਤ ਸ਼ਰਮਾ ਅਤੇ ਕੁਲਵੰਤ ਉੱਪਲੀ ਨੂੰ ਸਨਮਾਨਿਤ ਕੀਤਾ ਗਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਲਹਿਰਾਗਾਗਾ ( ਅਸ਼ੋਕ ਮਸਤੀ/ਬੇਅੰਤ ਸਿੰਘ ਰੋਹਟੀ ਖਾਸ) ਲੁਧਿਆਣਾ ਦੇ ਨਜ਼ਦੀਕੀ ਪਿੰਡ ਮਾਣਕਵਾਲ ਵਿਖੇ ਇੱਕ ਸੱਭਿਆਚਾਰਕ ਮੇਲਾ ਕਰਵਾਇਆ ਗਿਆ ਇਸ ਮੇਲੇ ਦੇ ਮੁੱਖ ਪ੍ਰਬੰਧਕ ਗਾਇਕ ਲੱਖੀ ਸਿੱਧੂ ਨੇ ਦੱਸਿਆ ਕਿ ਇਹ ਸੱਭਿਆਚਾਰਕ ਮੇਲਾ ਮੇਰੀ ਧਰਮ ਪਤਨੀ ਸਵਰਗਵਾਸੀ ਗਾਇਕਾ ਮੌਸਮੀ ਸਾਲੂ ਦੀ ਨਿੱਘੀ ਯਾਦ ਨੂੰ ਸਮਰਪਿਤ ਕੀਤਾ ਗਿਆ ਹੈ ਇਸ ਸੱਭਿਆਚਾਰਕ ਮੇਲੇ ਵਿੱਚ ਪੰਜਾਬੀ ਸੰਗੀਤ ਜਗਤ ਦੀ ਪ੍ਰਸਿੱਧ ਗਾਇਕ ਜੋੜੀ ਬਲਕਾਰ ਅਣਖੀਲਾ ਗਾਇਕਾ ਮਨਜਿੰਦਰ ਗੁਲਸ਼ਨ, ਹਾਕਮ ਬੱਖਤੜੀਵਾਲਾ ਗਾਇਕਾ ਦਲਜੀਤ ਕੌਰ, ਪ੍ਰਸਿੱਧ ਗਾਇਕ ਰਣਜੀਤ ਮਣੀ, ਪਾਲੀ ਦੇਤਵਾਲੀਆ, ਸੁਰਿੰਦਰ ਮਾਨ, ਗਾਇਕ ਜਸਵੰਤ ਸੰਦੀਲਾ,ਮਿਸ ਸੁਰਮਨੀ, ਮੈਂਡੀ ਕਾਲੜਾ ਅਤੇ ਹੋਰ ਵੀ ਬਹੁਤ ਸਾਰੇ ਕਲਾਕਾਰਾਂ ਨੇ ਇਸ ਮੇਲੇ ਵਿੱਚ ਹਾਜਰੀ ਭਰੀ ਗਾਇਕ ਲੱਖੀ ਸਿੱਧੂ ਅਤੇ ਮੇਲਾ ਪ੍ਰਬੰਧਕਾਂ ਨੇ ਇਸ ਮੇਲੇ ਵਿੱਚ ਅਸ਼ੋਕ ਮਸਤੀ ਪ੍ਰਧਾਨ ਲੋਕ ਕਲਾ ਮੰਚ ਵੈਲਫੇਅਰ ਕਮੇਟੀ ਲਹਿਰਾਗਾਗਾ, ਮੰਚ ਸੰਚਾਲਕ ਕੁਲਵੰਤ ਉੱਪਲੀ ਸੰਗਰੂਰ ਅਤੇ ਮਨਜੀਤ ਸ਼ਰਮਾ ਜੇਈ ਨੂੰ ਸਨਮਾਨਿਤ ਕੀਤਾ ਗਿਆ ਮੇਲਾ ਪ੍ਰਬੰਧਕ ਅਮਨ ਫੁੱਲਾਂਵਾਲ ਨੇ ਦੱਸਿਆ ਕਿ ਪੱਤਰਕਾਰ ਅਸ਼ੋਕ ਮਸਤੀ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸੱਭਿਆਚਾਰ ਨਾਲ ਜੁੜੇ ਹੋਏ ਹਨ ਅਸ਼ੋਕ ਮਸਤੀ, ਮੰਚ ਸੰਚਾਲਕ ਕੁਲਵੰਤ ਉੱਪਲੀ ਅਤੇ ਮਨਜੀਤ ਸ਼ਰਮਾ ਜੇਈ ਨੇ ਮੇਲਾ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ



# ਸਰੀਰ ਵਿਚ ਹੱਡੀਆਂ ਦੀ ਮਜ਼ਬੂਤੀ ਲਈ ਵਿਟਾਮਿਨ ਡੀ ਅਤੇ ਕੈਲਸ਼ੀਅਮ ਭਰਪੂਰ ਚੀਜ਼ਾਂ ਖਾਉ : ਡਾ ਪਰਮਿੰਦਰ ਸਿੰਘ ਵਾਰੀਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ 3 ਅਪਰੈਲ (ਚਰਨਜੀਤ ਸੱਲ੍ਹਾਂ)- ‘’ਸਾਨੂੰ ਸਰੀਰ ਵਿਚ ਹੱਡੀਆਂ ਦੀ ਮਜ਼ਬੂਤੀ ਲਈ ਵਿਟਾਮਿਨ ਡੀ ਅਤੇ ਕੈਲਸ਼ੀਅਮ ਭਰਪੂਰ ਖਾਧ ਪ੍ਰਦਾਰਥ ਖਾਣੇ ਚਾਹੀਦੇ ਹਨ, ਜਿਸ ਨਾਲ ਹੱਡੀਆਂ ਅਤੇ ਸਰੀਰ ਤੰਦਰੁਸਤ ਰਹਿੰਦਾ ਹੈ’’, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਹੱਡੀਆਂ ਅਤੇ ਜੋੜ ਬਦਲੀ ਦੇ ਮਾਹਿਰ ਡਾ. ਪਰਮਿੰਦਰ ਸਿੰਘ ਵਾਰੀਆ ਐਸ ਐਸ ਆਰਥੋਪੈਡਿਕ ਨੇ ਹਸਪਤਾਲ ਵਿਖੇ ਲੱਗੇ ਬੋਨ ਡੈਨਸਿਟੀ ਕੈਂਪ ਵਿਚ ਮਰੀਜ਼ਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਗਟਾਏ । ਉਹਨਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਹੱਡੀਆਂ ਦੀਆਂ ਬਿਮਾਰੀਆਂ ਦੇ ਮਰੀਜ਼ਾਂ ਵਿਚ ਭਾਰੀ ਵਾਧਾ ਹੋ ਰਿਹਾ ਹੈ, ਜਿਸ ਦਾ ਪ੍ਰਮੁੱਖ ਕਾਰਨ ਸਰੀਰ ਵਿਚ ਵਿਟਾਮਿਨ ਡੀ ਅਤੇ ਕੈਲਸ਼ੀਅਮ ਦੀ ਘਾਟ ਹੋਣ ਕਰਕੇ ਹੱਡੀਆਂ ਦੀ ਕਮਜ਼ੋਰੀ ਹੋਣਾ ਹੁੰਦਾ ਹੈ । ਇਸ ਲਈ ਸਮੇਂ ਸਿਰ ਹੱਡੀਆਂ ਦੀ ਜਾਂਚ ਕਰਨ ਨਾਲ ਇਲਾਜ ਵਧੀਆ ਅਤੇ ਜਲਦੀ ਹੁੰਦਾ ਹੈ। ਡਾਕਟਰ ਵਾਰੀਆ ਨੇ ਦੱਸਿਆ ਕਿ ਵਿਟਾਮਿਨ ਡੀ ਅਤੇ ਕੈਲਸ਼ੀਅਮ ਭਰਪੂਰ ਭੋਜਨ ਸਾਡੇ ਸਰੀਰ ਦੀਆਂ ਹੱਡੀਆਂ ਨੂੰ ਮਜ਼ਬੂਤ ਕਰਦੇ ਹਨ, ਕਿਉਂਕਿ ਇਹ ਦੋਵੇਂ ਤੱਤ ਹੱਡੀਆਂ ਦਾ ਨਿਰਮਾਣ ਕਰਨ ਲਈ ਤੇ ਹੱਡੀਆਂ ਨੂੰ ਤੰਦਰੁਸਤ ਤੇ ਲੰਬੇ ਸਮੇਂ ਤਕ ਤਾਕਤਵਰ ਰੱਖਣ ਲਈ ਅਤੀ ਜ਼ਰੂਰੀ ਹੁੰਦੇ ਹਨ। ਉਹਨਾਂ ਨੇ 50 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਅਤੇ ਪੁਰਸ਼ਾਂ ਨੂੰ ਆਪਣੀ ਖੁਰਾਕ ਵਿਚ ਰੋਜ਼ਾਨਾ ਕੈਲਸ਼ੀਅਮ ਯੁਕਤ ਭੋਜਨ ਕਰਨ ਲਈ ਜਾਗਰੂਕ ਕੀਤਾ । ਇਸ ਦੇ ਨਾਲ ਹੱਡੀਆਂ ਦੀ ਮਜ਼ਬੂਤੀ ਨੂੰ ਵਧਾਉਣ ਲਈ ਰੋਜ਼ਾਨਾ ਘੱਟੋ-ਘੱਟ 30 ਮਿੰਟਾਂ ਦੀ ਸਰੀਰਕ ਕਸਰਤ, ਸੈਰ, ਜੌਗਿੰਗ ਕਰਨ ਦੀ ਸਲਾਹ ਦਿੱਤੀ। ਹਸਤਪਾਲ ਢਾਹਾਂ ਕਲੇਰਾਂ ਵਿਖੇ ਹੱਡੀਆਂ ਦੀ ਜਾਂਚ ਕਰਨ ਵਾਲਾ ਬੋਨ ਡੈਨਸਿਟੀ ਫਰੀ ਟੈਸਟ ਕੈਂਪ ਅੱਜ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਦੇ ਲੋੜਵੰਦ ਮਰੀਜ਼ਾਂ ਮਦਦ ਕਰਨ ਲਈ ਗਿਆ ਸੀ । ਜਿਸ ਵਿਚ ਇਲਾਕੇ ਦੇ ਲੋੜਵੰਦ ਮਰੀਜ਼ਾਂ ਨੇ ਬੋਨ ਡੈਨਸਿਟੀ ਟੈਸਟ ਫਰੀ ਕਰਵਾਕੇ ਡਾਕਟਰ ਪਰਮਿੰਦਰ ਸਿੰਘ ਵਾਰੀਆ ਤੋਂ ਆਪਣੀ ਜਾਂਚ ਕਰਵਾਈ । ਇਸ ਮੌਕੇ ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਅਮਿਤ ਕੁਮਾਰ ਟੈਕਨੀਸ਼ੀਅਨ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ ਹਸਪਤਾਲ ਦਾ ਸਟਾਫ ਵੀ ਹਾਜ਼ਰ ਸੀ ।



# ਬਸਪਾ ਦੇ ਯੋਧੇ ਰਾਤ 12 ਵਜੇ ਵੀ ਧਰਨਾ ਦੇ ਰਹੇ ਹਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਫਿਲੌਰ( ਚਰਨਜੀਤ ਸੱਲ੍ਹਾ )ਅਪ੍ਰੈਲ 2025 ਦਿਨ ਮੰਗਵਾਰ ਠੀਕ 12:00 ਵਜੇ ਦੁਪਿਹਰ ਬਸਪਾ ਹਲਕਾ ਫਿਲੌਰ ਵਲੋ ਬਾਬਾ ਸਾਹਿਬ ਜੀ ਦਾ ਅਪਮਾਨ ਕਰਨ ਵਾਲਿਆ ਦੀ ਗਿਫਤਾਰੀ ਨੂੰ ਲੇ ਕੇ ਚਲ ਰਹੇ ਪੱਕੇ ਧਰਨੇ ਨੂੰ ਸੰਬੋਧਨ ਕਰਨ ਲਈ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਇਨਚਾਰਜ ਜੰਮੂ ਕਸ਼ਮੀਰ ਅਤੇ ਚੰਡੀਗੜ੍ਹ ਅਤੇ ਡਾ ਰੀਤੂ ਜੀ ਵਿਸ਼ੇਸ ਤੌਰ ਤੇ ਪਹੁੰਚ ਰਹੇ ਹਨ! ਆਪ ਸਭਨੂੰ ਅਪੀਲ ਹੈ ਕਿ ਸਾਥੀਆਂ ਸਮੇਤ ਪਹੁੰਚਣ ਦੀ ਕਿਰਪਾਲਤਾ ਕਰੋ ਜੀ! ਇਸ ਮੌਕੇ ਲਾਲ ਚੰਦ ਔਜਲਾ ਸਟੇਟ ਆਗੂ ਬਸਪਾ, ਸੁਖਵਿੰਦਰ ਸਿੰਘ ਬਿੱਟੂ ਪ੍ਰਧਾਨ ਫਿਲੌਰ, ਸਤਪਾਲ ਵਿਰਕ ਬਸਪਾ ਆਗੂ, ਤੀਰਥ ਸਿੰਘ ਰਾਜਪੁਰਾ ਜਨਰਲ ਸਕੱਤਰ ਬਸਪਾ ਪੰਜਾਬ, ਖੁਸ਼ੀ ਰਾਮ ਸਰਪੰਚ, ਰਾਮ ਸਰੂਪ ਚੰਬਾ ਬਸਪਾ ਆਗੂ ਇਨ੍ਹਾਂ ਤੋਂ ਇਲਾਵਾ ਹੋਰ ਕਈ ਆਗੂ ਅਤੇ ਵਰਕਰ ਹਾਜ਼ਰ ਸਨ।








# ਗੁਰਦੁਆਰਾ ਸ੍ਰੀ ਨਿਰਮਲ ਬੂੰਗਾ ਸਾਹਿਬ ਵਿਖੇ ਸਵ: ਪ੍ਰੋਫੈਸਰ ਸ਼ੇਰ ਸਿੰਘ ਦੀ ਯਾਦ ਚ 80ਵਾਂ ਫ੍ਰੀ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਸ੍ਰੀ ਚਮਕੌਰ ਸਾਹਿਬ 3 ਅਪ੍ਰੈਲ (ਹਰਦਿਆਲ ਸਿੰਘ ਸੰਧੂ ) ਸਵ: ਪ੍ਰੋਫੈਸਰ ਸ਼ੇਰ ਸਿੰਘ ਪਟਿਆਲਾ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਨਿਰਮਲ ਬੁੰਗਾ ਸਾਹਿਬ ਵਿਖੇ ਨੌਂ ਲੱਖਾ ਬਾਗ਼ ਆਯੁਰਵੈਦਿਕ ਦਵਾਖਾਨਾ ਚਮਕੌਰ ਸਾਹਿਬ ਵਲੋਂ 80ਵਾਂ ਫ੍ਰੀ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਦੇ ਸਬੰਧ ਚ ਜਾਣਕਾਰੀ ਦਿੰਦਿਆਂ ਹੋਇਆਂ ਉਪ ਵੈਦ ਗਿਆਨੀ ਸਤਨਾਮ ਸਿੰਘ ਨੇ ਦੱਸਿਆ ਕਿ ਇਸ ਕੈਂਪ ਦਾ ਉਦਘਾਟਨ ਰਿਟਾਇਰ ਪ੍ਰੋਫੈਸਰ ਨਿਰਮਲ ਸਿੰਘ ਮਨੈਲੀ ਨੇ ਕੀਤਾ ਤੇ ਇਸ ਕੈਂਪ ਦੌਰਾਨ 25 ਮਰੀਜ਼ਾਂ ਦਾ ਚੈੱਕ ਅੱਪ ਕਰਕੇ ਫ੍ਰੀ ਦਵਾਈਆਂ ਵੰਡੀਆਂ ਗਈਆਂ ਉਨ੍ਹਾਂ ਵਲੋਂ ਇਸ ਕਾਰਜ ਦੀ ਸ਼ਲਾਘਾ ਕੀਤੀ ਗਈ ਉਨ੍ਹਾਂ ਕਿਹਾ ਕਿ ਸਾਨੂੰ ਆਯੁਰਵੈਦਿਕ ਚਿਕਿਤਸਾ ਸੰਬੰਧੀ ਜਾਣਕਾਰੀ ਰੱਖਣੀ ਚਾਹੀਦੀ ਹੈ ਤਾਂ ਜੋ ਸਾਨੂੰ ਸਾਰਿਆਂ ਨੂੰ ਘਰੇਲੂ ਉਪਚਾਰ ਨਾਲ ਬੀਮਾਰੀ ਤੋਂ ਪੀੜਤ ਮਰੀਜ਼ਾਂ ਨੂੰ ਰਾਹਤ ਮਿਲ ਸਕੇ। ਵੈਦ ਗਿਆਨੀ ਸਤਨਾਮ ਸਿੰਘ ਦੀ ਨਿਸ਼ਕਾਮ ਸੇਵਾ ਨੂੰ ਸਲਾਮ ਕਰਦਿਆਂ ਸਮਾਜ ਸੇਵੀ ਲੋਕਾਂ ਦੀ ਵੱਧ ਤੋਂ ਵੱਧ ਮੱਦਦ ਕਰਨ ਲਈ ਅਪੀਲ ਕੀਤੀ। ਇਸ ਮੌਕੇ ਤੇ ਡਾਕਟਰ ਰਾਜਪਾਲ ਸਿੰਘ, ਗੁਰਨੇਤਰ ਸਿੰਘ ਇਟਲੀ ਸੈਦ ਪੁਰ, ਮਾਸਟਰ ਸੁਰਿੰਦਰਪਾਲ ਸਿੰਘ ਚਮਕੌਰ ਸਾਹਿਬ, ਗਿਆਨੀ ਜਿੰਦਰ ਸਿੰਘ, ਗਿਆਨੀ ਸੁਖਵਿੰਦਰ ਸਿੰਘ ਮਾਣੇਮਾਜਰਾ, ਹੈੱਡ ਰਾਗੀ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਬੀਬੀ ਲਵਲੀ ਪੁੱਤਰੀ ਸ੍ਰੀ ਪ੍ਰੋਫੈਸਰ ਸ਼ੇਰ ਸਿੰਘ, ਬਾਬਾ ਪੰਮੀ ਧਿਆਨ ਪੁਰਾ, ਚੈਨ ਸਿੰਘ, ਫੌਜੀ ਕਾਲੇਮਾਜਰਾ, ਸਾਬਕਾ ਸਰਪੰਚ ਚਾਂਦ ਕਪੂਰ ਚਮਕੌਰ ਸਾਹਿਬ,ਮੱਲੀ ਸਾਹਿਬ ਮਕੜੌਨਾ, ਸ਼ੇਰ ਸਿੰਘ ਵਕੀਲ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਦੇ ਅਣਥੱਕ ਉਪਰਾਲਿਆਂ ਸਦਕਾ ਸਕੂਲੀ ਸਿੱਖਿਆ ਵਿੱਚ ਵਿਆਪਕ ਸੁਧਾਰ ਹੋ ਰਹੇ ਹਨ: ਬਰਿੰਦਰ ਕੁਮਾਰ ਗੋਇਲ

## ਕਰੀਬ 20 ਲੱਖ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਹਿਲ ਕਲਾਂ 'ਚ ਬੁਨਿਆਦੀ ਢਾਂਚਾ ਹੋਇਆ ਮਜ਼ਬੂਤ: ਬਰਿੰਦਰ ਕੁਮਾਰ ਗੋਇਲ, ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ 'ਚ ਸੁਰੱਖਿਆ ਗਾਰਡ, ਕੈਂਪਸ ਮੈਨੇਜਰ, ਸਫਾਈ ਸੇਵਕ ਕੀਤੇ ਤਾਇਨਾਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ ਲਹਿਰਾ/ਸੰਗਰੂਰ, 3 ਅਪ੍ਰੈਲ, 2025: ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਤਬਦੀਲੀਆਂ ਦੀ ਜਿਉਂਦੀ ਜਾਗਦੀ ਮਿਸਾਲ ਪੰਜਾਬ ਦੇ ਸਰਕਾਰੀ ਸਕੂਲ ਹਨ ਜਿਥੇ ਪੜ੍ਹਦੇ ਵਿਦਿਆਰਥੀ ਨਾ ਕੇਵਲ ਅਕਾਦਮਿਕ ਪੱਧਰ 'ਤੇ ਬਲਕਿ ਖੇਡਾਂ ਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਵੀ ਵੱਡੀਆਂ ਪ੍ਰਾਪਤੀਆਂ ਦਰਜ ਕਰ ਰਹੇ ਹਨ।

ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਹਲਕਾ ਲਹਿਰਾ ਅਧੀਨ ਆਉਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਹਿਲ ਕਲਾਂ ਵਿਖੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਕੀਤਾ।ਉਨ੍ਹਾਂ ਦੱਸਿਆ ਕਿ ਇਸ ਸਕੂਲ ਵਿੱਚ ਲਗਭਗ 20 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕੰਮ ਕਰਵਾਏ ਗਏ ਹਨ ਜਿਸ ਨਾਲ ਵਿਦਿਆਰਥੀਆਂ ਤੇ ਅਧਿਆਪਕਾਂ ਦੀਆਂ ਸੁਵਿਧਾਵਾਂ ਵਿੱਚ ਵਾਧਾ ਹੋਇਆ ਹੈ। ਇਸ ਤੋਂ ਪਹਿਲਾਂ ਸ੍ਰੀ ਬਰਿੰਦਰ ਗੋਇਲ ਨੇ ਸਰਕਾਰੀ ਸਕੂਲ ਲਹਿਲ ਖੁਰਦ ਵਿਖੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ।

ਇਸ ਮੌਕੇ ਸਕੂਲ ਦੇ ਵਿਹੜੇ ਵਿੱਚ ਆਯੋਜਿਤ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੇ ਅਣਥੱਕ ਉਪਰਾਲਿਆਂ ਸਦਕਾ ਸਕੂਲੀ ਸਿੱਖਿਆ ਵਿੱਚ ਵਿਆਪਕ ਸੁਧਾਰ ਹੋ ਰਹੇ ਹਨ ਅਤੇ ਸਰਕਾਰੀ ਸਕੂਲਾਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਜਿਥੇ ਲਗਾਤਾਰ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਉਥੇ ਹੀ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਂਦੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਹੋਰ ਵੀ ਉੱਚ ਪੱਧਰੀ ਸਿਖਲਾਈ ਦੇਣ ਲਈ ਸਿੰਘਾਪੁਰ, ਫਿਨਲੈਂਡ ਸਮੇਤ ਹੋਰ ਦੇਸ਼ਾਂ ਅਤੇ ਆਈ.ਆਈ.ਐਮ ਗੁਜਰਾਤ ਵਿੱਚ ਵਿਦਿਅਕ ਦੌਰੇ ਕਰਵਾਏ ਜਾ ਰਹੇ ਹਨ ਤਾਂ ਕਿ ਉਹ ਪਰਤ ਕੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਕਾਰਜਸ਼ੀਲ ਹੋ ਸਕਣ।ਉਨ੍ਹਾਂ ਦੱਸਿਆ ਕਿ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਉਥੋਂ ਹਟ ਕੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣ ਲੱਗ ਪਏ ਹਨ ਅਤੇ ਸਲਾਨਾ ਪਾਸ ਪ੍ਰਤੀਸ਼ਤਤਾ ਵਿੱਚ ਪਿਛਲੇ ਸਾਲਾਂ ਨਾਲੋਂ ਵੱਡਾ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ।

ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਸਕੂਲ ਵਿੱਚ ਸਫਾਈ ਕਰਮਚਾਰੀ, ਸੁਰੱਖਿਆ ਗਾਰਡ, ਕੈਂਪਸ ਮੈਨੇਜਰ ਤਾਇਨਾਤ ਕੀਤੇ ਗਏ ਹਨ ਅਤੇ ਸਕੂਲੀ ਵਿਦਿਆਰਥੀਆਂ ਨੂੰ ਹਰ ਵਿਦਿਅਕ ਸੈਸ਼ਨ ਵਿੱਚ ਸਮੇਂ ਸਿਰ ਵਰਦੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਲੋੜ ਮੁਤਾਬਕ ਫਰਨੀਚਰ, ਕਮਰਿਆਂ ਦੀ ਉਸਾਰੀ ਤੇ ਨਵੀਨੀਕਰਨ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਰਾਜ ਦੇ ਹਰ ਸਕੂਲ ਵਿੱਚ ਵਾਈ ਫਾਈ ਸੁਵਿਧਾ ਉਪਲਬਧ ਕਰਵਾਈ ਗਈ ਹੈ ਅਤੇ ਆਰਟੀਫਿਸ਼ਲ ਇੰਟੈਲੀਜੈਂਸ ਜਿਹੀਆਂ ਅਤਿ ਆਧੁਨਿਕ ਤਕਨੀਕਾਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲਹਿਰਾ ਹਲਕੇ ਦੇ ਪਿੰਡ ਹਮੀਰਗੜ੍ਹ ਵਿਖੇ ਸਵੈ ਸਹਾਇਤਾ ਸਮੂਹਾਂ ਤੇ ਅਧਾਰਿਤ ਮਹਿਲਾਵਾਂ ਵੱਲੋਂ ਸਕੂਲੀ ਵਰਦੀਆਂ ਨੂੰ ਤਿਆਰ ਕੀਤਾ ਜਾ ਰਿਹਾ ਹੈ ਜਿਸ ਨਾਲ ਜਿਥੇ ਮਹਿਲਾ ਸਸ਼ਕਤੀਕਰਨ ਨੂੰ ਮਜਬੂਤ ਕੀਤਾ ਗਿਆ ਹੈ ਉਥੇ ਹੀ ਵਰਦੀਆਂ ਬਣਵਾਉਣ ਵਿੱਚ ਵੀ ਕੋਈ ਦਿੱਕਤ ਨਹੀਂ ਰਹੀ।

ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮਨਜੀਤ ਕੌਰ ਤੋਂ ਇਲਾਵਾ ਗੌਰਵ ਗੋਇਲ, ਪੀ.ਏ ਰਾਕੇਸ਼ ਕੁਮਾਰ ਗੁਪਤਾ, ਸਰਪੰਚ ਜੀਵਨ ਸਿੰਘ ਲਹਿਲ ਖੁਰਦ, ਮਨਜਿੰਦਰ ਸਿੰਘ, ਜਸਪਾਲ ਸਿੰਘ ਸਰਪੰਚ ਲਹਿਲ ਕਲਾਂ, ਗੁਰਮੀਤ ਸਿੰਘ, ਚਰਨਜੀਤ ਸ਼ਰਮਾ ਵੀ ਹਾਜ਼ਰ ਸਨ।

# ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਕੀਤੀ ਮੁਲਾਕਾਤ

## ਬਲਾਚੌਰ-ਹੁਸ਼ਿਆਰਪੁਰ-ਦਸੂਹਾ ਰੋਡ ਨੂੰ ਰਾਸ਼ਟਰੀ ਮਾਰਗ ਐਲਾਨਣ ਅਤੇ ਚੌੜਾ ਕਰਨ ਦੀ ਕੀਤੀ ਮੰਗ, ਕੇਂਦਰੀ ਮੰਤਰੀ ਨਿਤਿਨ ਗਡਕਰੀ ਵਲੋਂ ਮੰਗ ਬਾਰੇ ਢੁਕਵੀਂ ਕਾਰਵਾਈ ਦਾ ਭਰੋਸਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਅੱਜ ਨਵੀਂ ਦਿੱਲੀ ਵਿਖੇ ਕੇਂਦਰੀ ਸੜਕੀ ਆਵਾਜਾਈ ਅਤੇ ਹਾਈਵੇਜ਼ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕਰਦਿਆਂ ਬਲਾਚੌਰ-ਹੁਸ਼ਿਆਰਪੁਰ-ਦਸੂਹਾ ਸੜਕ ਨੂੰ ਰਾਸ਼ਟਰੀ ਮਾਰਗ ਐਲਾਨਣ ਅਤੇ ਇਸ ਨੂੰ ਹੋਰ ਚੌੜਾ ਕਰਨ ਦੀ ਮੰਗ ਰੱਖੀ ਜਿਸ ਨਾਲ ਇਸ ਖੇਤਰ ਵਿਚ ਸੁਖਾਲੀ ਆਵਾਜਾਈ ਦੇ ਨਾਲ-ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਸ ਪ੍ਰੋਜੈਕਟ ਬਾਰੇ ਢੁਕਵੀਂ ਕਾਰਵਾਈ ਅਮਲ ਵਿਚ ਲਿਆਉਣ ਦਾ ਭਰੋਸਾ ਦਿੱਤਾ। ਕੇਂਦਰੀ ਮੰਤਰੀ ਨਾਲ ਉਨ੍ਹਾਂ ਦੇ ਦਫ਼ਤਰ ਵਿਚ ਮੁਲਾਕਾਤ ਦੌਰਾਨ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਉਨ੍ਹਾਂ ਨੂੰ ਜਾਣੂ ਕਰਵਾਇਆ ਕਿ ਬਲਾਚੌਰ-ਹੁਸ਼ਿਆਰਪੁਰ-ਦਸੂਹਾ ਸੜਕ ਪੰਜਾਬ ਦੇ ਕਈ ਜ਼ਿਲ੍ਹਿਆਂ ਨੂੰ ਅਤੇ ਅੱਗੋਂ ਗੁਆਂਢੀ ਰਾਜਾਂ ਨੂੰ ਜੋੜਦੀ ਹੈ ਜਿਸ 'ਤੇ ਮੌਜੂਦਾ ਸਮੇਂ ਭਾਰੀ ਆਵਾਜਾਈ ਰਹਿੰਦੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਮਿਆਂ ਦੌਰਾਨ ਇਸ ਸੜਕ 'ਤੇ ਆਵਾਜਾਈ ਵਿਚ ਹੋਏ ਵੱਡੇ ਵਾਧੇ ਨਾਲ ਸੜਕ ਦਾ ਮੌਜੂਦਾ ਢਾਂਚਾ ਤੰਗ ਹੋਣ ਕਾਰਨ ਰੋਜ਼ਾਨਾ ਰਾਹਗੀਰਾਂ ਨੂੰ ਟਰੈਫਿਕ ਸਮੱਸਿਆਵਾਂ ਦਾ ਸਾਹਮਣੇ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਇਹ ਸੜਕ ਚੌੜੀ ਹੋਣ ਨਾਲ ਨਾ ਸਿਰਫ਼ ਲੋਕਾਂ ਨੂੰ ਸੁਰੱਖਿਅਤ ਆਵਾਜਾਈ ਦਾ ਲਾਭ ਹੋਵੇਗਾ ਸਗੋਂ ਖਿੱਤੇ ਵਿਚ ਵਪਾਰ, ਉਦਯੋਗਾਂ ਅਤੇ ਸੈਰ ਸਪਾਟਾ ਗਤੀਵਿਧੀਆਂ ਨੂੰ ਬਲ ਮਿਲੇਗਾ।ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਨੂੰ ਜੁੜਦੀ ਇਸ ਸੜਕ ਨੂੰ ਰਾਸ਼ਟਰੀ ਮਾਰਗ ਐਲਾਨਣ ਦੀ ਮੰਗ ਰੱਖਦਿਆਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਕਿ ਇਸ ਸੜਕ ਨੂੰ ਕੌਮੀ ਮਾਰਗ ਐਲਾਨਣ ਨਾਲ ਅੰਤਰਰਾਜੀ ਆਵਾਜਾਈ ਪਹਿਲਾਂ ਨਾਲੋਂ ਕਿਤੇ ਬੇਹਤਰ ਹੋਵੇਗੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੇਂਦਰ ਵਲੋਂ ਸਮੇਂ-ਸਮੇਂ 'ਤੇ ਇਸ ਦਾ ਰੱਖ-ਰਖਾਅ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਤਰੀ ਪੰਜਾਬ ਨੂੰ ਵੱਡੇ ਉਦਯੋਗਿਕ ਕੇਂਦਰਾਂ ਨਾਲ ਜੋੜਨ ਵਾਲੀ ਇਸ ਮੁੱਖ ਸੜਕ ਨੂੰ ਰਾਸ਼ਟਰੀ ਮਾਰਗ ਐਲਾਨਣਾ ਅਤੇ ਇਸ ਨੂੰ ਵੱਡਾ ਕਰਨਾ ਸਮੇਂ ਦੀ ਮੁੱਖ ਮੰਗ ਹੈ ਜਿਸ ਨੂੰ ਤਰਜ਼ੀਹ ਦੇ ਆਧਾਰ 'ਤੇ ਪ੍ਰਵਾਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਕਿ ਸੜਕੀ ਆਵਾਜਾਈ ਅਤੇ ਹਾਈਵੇਜ਼ ਮੰਤਰਾਲੇ ਵਲੋਂ ਇਸ ਮੰਗ ਨੂੰ ਪੂਰੇ ਗਹੁ ਨਾਲ ਵਿਚਾਰਦਿਆਂ ਸਬੰਧਤ ਅਥਾਰਟੀ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਇਸ ਸਬੰਧੀ ਢੁਕਵੇਂ ਕਦਮ, ਜਿਵੇਂ ਸਰਵੇ, ਪ੍ਰਸ਼ਾਸਕੀ ਪ੍ਰਕਿਰਿਆ ਅਤੇ ਸੰਭਾਵਨਾਵਾਂ ਤਲਾਸ਼ਣ, ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਮੰਤਰਾਲੇ ਵਲੋਂ ਇਸ ਸੜਕ ਨੂੰ ਰਾਸ਼ਟਰੀ ਮਾਰਗ ਐਲਾਨੇ ਜਾਣ ਨਾਲ ਖੇਤਰ ਦੇ ਸਮਾਜਿਕ-ਆਰਥਿਕ ਵਿਕਾਸ ਨੂੰ ਨਵੀਂ ਗਤੀ ਮਿਲੇਗੀ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਲੋਕ ਸਹੂਲਤ ਵਾਲੇ ਇਸ ਪ੍ਰੋਜੈਕਟ ਲਈ ਪੰਜਾਬ ਸਰਕਾਰ ਵਲੋਂ ਹਰ ਲੋੜੀਂਦੀ ਸਹਾਇਤਾ ਨੂੰ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਇਸ ਸਬੰਧੀ ਲੋੜੀਂਦੀਆਂ ਪ੍ਰਕਿਰਿਆਵਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾ ਸਕੇ।

# ਪਰਮਜੀਤ ਕੈਂਥ ਨੇ ਭਗਵੰਤ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਜ਼ਿੰਮੇਵਾਰਾਂ ਵਿਰੁੱਧ ਤੁਰੰਤ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਡਾ. ਅੰਬੇਡਕਰ ਦੇ ਬੁੱਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

## ਪੰਜਾਬ 'ਚ ਪੁਲਿਸ ਪ੍ਰਸ਼ਾਸਨ ਨੂੰ ਰਾਜਨੀਤਿਕ ਪ੍ਰਭਾਵ ਤੋਂ ਬਚਾਉਣ ਲਈ ਪਹਿਲਕਦਮੀ ਕਰਨ ਦੀ ਲੋੜ ਹੈ - ਕੈਂਥ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਜਲੰਧਰ, 3 ਅਪ੍ਰੈਲ ਪੰਜਾਬ ਵਿੱਚ ਪੁਲਿਸ ਪ੍ਰਸ਼ਾਸਨ ਨੂੰ ਰਾਜਨੀਤਿਕ ਪ੍ਰਭਾਵ ਹੇਠ ਲਿਆਂਦਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਅਧਿਕਾਰਤ ਬਿਆਨਾਂ ਨੂੰ ਸਿਆਸਤਦਾਨਾਂ ਵਾਂਗ ਸ਼ੱਕੀ ਬਣਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ, ਜੋ ਕਿ ਬਹੁਤ ਹੀ ਮੰਦਭਾਗਾ ਹੈ ਅਤੇ ਬਹੁਤ ਹੀ ਸੰਵੇਦਨਸ਼ੀਲ ਮੁੱਦਿਆਂ 'ਤੇ ਅਜਿਹੇ ਮਾਮਲੇ ਦਰਜ ਕਰਕੇ ਇੱਕ ਗੰਭੀਰ ਚਿੰਤਾਜਨਕ ਸਥਿਤੀ ਪੈਦਾ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ, ਖਾਸ ਕਰਕੇ ਅੰਮ੍ਰਿਤਸਰ, ਜਲੰਧਰ ਅਤੇ ਬਟਾਲਾ ਵਿੱਚ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਦੇ ਬੁੱਤਾਂ ਦੀ ਹਾਲ ਹੀ ਵਿੱਚ ਹੋਈ ਬੇਅਦਬੀ ਨੇ ਖੇਤਰ ਵਿੱਚ ਸਮਾਜਿਕ ਸਦਭਾਵਨਾ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਇਨ੍ਹਾਂ ਘਟਨਾਵਾਂ, ਜਿਨ੍ਹਾਂ ਵਿੱਚ ਨੰਗਲ ਪਿੰਡ ਵਿੱਚ ਇੱਕ ਮੂਰਤੀ 'ਤੇ ਲਿਖੇ ਭੜਕਾਊ ਨਾਅਰੇ ਸ਼ਾਮਲ ਹਨ, ਨੂੰ ਸੰਵਿਧਾਨ ਦੇ ਨਿਰਮਾਤਾ ਦਾ ਅਪਮਾਨ ਅਤੇ ਹਾਸ਼ੀਏ 'ਤੇ ਪਏ ਭਾਈਚਾਰਿਆਂ ਵਿੱਚ ਅਸ਼ਾਂਤੀ ਫੈਲਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਅਲਾਇੰਸ ਦੇ ਆਗੂ ਸਰਦਾਰ ਕੈਂਥ ਨੇ ਕਿਹਾ ਕਿ ਸਰਕਾਰੀ ਕਾਰਵਾਈ ਦੀ ਘਾਟ ਅਤੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਨ੍ਹਾਂ ਘਟਨਾਵਾਂ ਨੂੰ ਰੋਕਣ ਵਿੱਚ ਅਸਮਰੱਥਾ ਨੇ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਇਸਦੀ ਪ੍ਰਭਾਵਸ਼ੀਲਤਾ 'ਤੇ ਸਵਾਲ ਖੜ੍ਹੇ ਕੀਤੇ ਹਨ ਅਤੇ ਮੁੱਖ ਮੰਤਰੀ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਸਰਕਾਰ ਦਾ ਅਸਲੀ ਚਿਹਰਾ ਸਮਾਜ ਵਿੱਚ ਬੇਨਕਾਬ ਹੋ ਗਿਆ ਹੈ। ਇਸ ਕਾਰਵਾਈ ਲਈ "ਭਾੜੇ ਦੇ ਟੱਟੂਆਂ" ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ, ਇਹ ਘਟਨਾਵਾਂ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹੋ ਸਕਦੀਆਂ ਹਨ, ਸੰਭਵ ਤੌਰ 'ਤੇ ਪਾਬੰਦੀਸ਼ੁਦਾ ਅੱਤਵਾਦੀ ਸੰਗਠਨਾਂ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਨੇ ਪਹਿਲਾਂ ਅਜਿਹੀਆਂ ਕਾਰਵਾਈਆਂ ਕੀਤੀਆਂ ਹਨ। ਸਰਕਾਰ ਨੂੰ ਬਾਬਾ ਸਾਹਿਬ ਅੰਬੇਡਕਰ ਦੇ ਆਦਰਸ਼ਾਂ ਦੀ ਰੱਖਿਆ ਪ੍ਰਤੀ ਆਪਣੀ ਵਚਨਬੱਧਤਾ ਅਤੇ ਉਨ੍ਹਾਂ ਦੀਆਂ ਮੂਰਤੀਆਂ ਦੀ ਰੱਖਿਆ ਕਰਨ ਦੀ ਆਪਣੀ ਨੈਤਿਕ ਜ਼ਿੰਮੇਵਾਰੀ ਦੀ ਯਾਦ ਦਿਵਾਈ ਜਾਂਦੀ ਹੈ। ਸਰਦਾਰ ਕੈਂਥ ਨੇ ਕਿਹਾ ਕਿ ਸਮਾਜਿਕ ਸਦਭਾਵਨਾ 'ਤੇ ਪ੍ਰਭਾਵ ਇਸ ਬੇਅਦਬੀ ਨੇ ਲੱਖਾਂ ਲੋਕਾਂ, ਖਾਸ ਕਰਕੇ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ, ਅਤੇ ਪੰਜਾਬ ਵਿੱਚ ਸਮਾਜਿਕ ਏਕਤਾ ਨੂੰ ਕਮਜ਼ੋਰ ਕਰ ਸਕਦੀ ਹੈ। ਕਾਰਵਾਈ ਦੀ ਮੰਗ ਕਰਦੇ ਹੋਏ, ਕੈਂਥ ਨੇ ਕਿਹਾ ਕਿ ਜ਼ਿੰਮੇਵਾਰ ਲੋਕਾਂ ਵਿਰੁੱਧ ਤੁਰੰਤ ਕਾਰਵਾਈ ਕਰਨ ਅਤੇ ਡਾ. ਅੰਬੇਡਕਰ ਦੇ ਮੂਰਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਸਖ਼ਤ ਕਾਨੂੰਨੀ ਕਾਰਵਾਈ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜ਼ਿੰਮੇਵਾਰ ਲੋਕਾਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਡਾ. ਅੰਬੇਡਕਰ ਦੇ ਬੁੱਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

# ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਭਾਰਤ ਰਤਨ ਜੀ ਦੇ ਬੁੱਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦਿੱਤਾ ਮੰਗ ਪੱਤਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪ੍ਰੈਲ
INTERNATIONAL PAPER, 94636 01616
hardipchumber57@gmail.com




ਜਲਾਲਾਬਾਦ 3 ਅਪ੍ਰੈਲ (ਮਨੋਜ ਕੁਮਾਰ, ਸੁਭਾਸ਼ ਸਿੰਘ)-ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸ਼ਰਾਰਤੀ ਅੰਸਰਾਂ ਵੱਲੋਂ ਬਾਬਾ ਸਾਹਿਬ ਜੀ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਇਸ ਸਾਲ 26 ਜਨਵਰੀ 2025 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਡਾਕਟਰ ਭੀਮ ਰਾਓ ਸਾਹਿਬ ਜੀ ਦਾ ਬੁੱਤ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਐਸ.ਸੀ./ ਐਸ.ਟੀ /ਓਬੀਸੀ ਮਹਾ ਸੰਘਰਸ਼ ਕਮੇਟੀ ਜਲਾਲਾਬਾਦ ਦੇ ਅਹੁਦੇਦਾਰਾਂ ਵੱਲੋਂ ਕੀਤਾ ਗਿਆ। ਉਹਨਾਂ ਕਿਹਾ ਕਿ 31 ਮਾਰਚ 2025 ਨੂੰ ਤਹਿਸੀਲ ਫਿਲੋਰ ਦੇ ਪਿੰਡ ਨੰਗਲ ਵਿਖੇ ਸ਼ਰਾਰਤੀ ਅੰਸਰਾਂ ਵੱਲੋਂ ਬਾਬਾ ਸਾਹਿਬ ਜੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਸਮੇਂ ਉਸ ਬੁੱਤ ਉੱਤੇ ਇਤਰਾਜਯੋਗ ਸ਼ਬਦਾਵਲੀ ਲਿਖੀ ਗਈ, ਜੋ ਬਰਦਾਸ਼ਤ ਉਹ ਬਿਲਕੁਲ ਬਾਹਰ ਹੈ ਤੇ ਫਿਰ 2 ਅਪ੍ਰੈਲ 2025 ਨੂੰ ਬਟਾਲਾ ਵਿਖੇ ਬਾਬਾ ਸਾਹਿਬ ਜੀ ਦੇ ਬੁੱਤ ਨਾਲ ਛੇੜ-ਛਾੜ ਅਤੇ ਭੰਨ ਤੋੜ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਹਨਾਂ ਕਿਹਾ ਕਿ ਗੁਰਪਤਵੰਤ ਸਿੰਘ ਪੰਨੂੰ ਵੱਲੋਂ ਵੀਡੀਓ ਜਾਰੀ ਕਰਕੇ ਫਿਲੋਰ ਦੀ ਘਟਨਾ ਦੀ ਜਿੰਮੇਵਾਰੀ ਵੀ ਲਈ ਗਈ ਅਤੇ ਬਾਬਾ ਜੀ ਦੇ ਬਾਰੇ ਅਪਸ਼ਬਦ ਵੀ ਵਰਤੇ ਗਏ। ਅਜਿਹੀਆਂ ਘਟਨਾਵਾਂ ਨਾਲ ਸਮਾਜ ਵਿੱਚ ਭਾਈਚਾਰਕ ਸਾਂਝ ਖਰਾਬ ਹੁੰਦੀ ਹੈ ਤੇ ਅਸੀਂ ਸਮੂਹ ਮੈਂਬਰ ਐਸ.ਸੀ/ ਐਸ.ਟੀ ਓ.ਬੀ.ਸੀ ਮਹਾ ਸੰਘਰਸ਼ ਕਮੇਟੀ ਜਲਾਲਾਬਾਦ ਅਜਿਹੇ ਮੰਦਭਾਗੀ ਘਟਨਾ ਦੀ ਘੋਰ ਨਿੰਦਾ ਕਰਦੇ ਹਾਂ ਤੇ ਗੁਰਪਤਵੰਤ ਸਿੰਘ ਪੰਨੂ ਦੇ ਖਿਲਾਫ ਐਸੀ/ ਐਸਟੀ/ ਐਕਟ 1989 ਤਹਿਤ ਅਤੇ ਦੇਸ਼ ਦਰੋਹ ਦਾ ਮੁਕਦਮਾ ਦਰਜ ਕੀਤਾ ਜਾਵੇ ਤਾਂ ਜੋ ਅਜਿਹੀਆਂ ਘਟਨਾਵਾਂ 'ਤੇ ਰੋਕ ਲੱਗ ਸਕੇ। ਜਲਾਲਾਬਾਦ ਵਿੱਚ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਚੌਕ ਵਿਖੇ ਜੋ ਸਟੈਚੂ ਲੱਗਿਆ ਹੋਇਆ ਹੈ, ਉਸ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਜਲਾਲਾਬਾਦ ਵਿੱਚ ਬਾਬਾ ਸਾਹਿਬ ਭੀਮ ਰਾਏ ਅੰਬੇਡਕਰ ਚੌਂਕ ਵਿਖੇ ਸਟੈਚੂ ਦੀ ਸੁਰੱਖਿਆ ਲਈ ਸੀ.ਸੀ. ਕੈਮਰੇ ਵੀ ਲਗਾਏ ਜਾਣ ਅਤੇ ਯੋਗ ਪ੍ਰਬੰਧ ਕੀਤੇ ਜਾਣ। ਉਹਨਾਂ ਨੇ ਇਹ ਰੋਸ ਪਹਿਲਾਂ ਤਹਿਸੀਲ ਕੰਪਲੈਕਸ ਅਤੇ ਉਸ ਤੋਂ ਬਾਅਦ ਡੀ.ਐਸ. ਪੀ ਜਤਿੰਦਰ ਸਿੰਘ ਗਿੱਲ ਨੂੰ ਮੰਗ ਪੱਤਰ ਦੇ ਕੇ ਕਾਰਵਾਈ ਦੀ ਮੰਗ ਕੀਤੀ।

# ਬਹੁਜਨ ਸਮਾਜ ਪਾਰਟੀ ਪਟਿਆਲਾ ਦੀ ਮੀਟਿੰਗ ਵਿੱਚ ਲਏ ਗਏ ਅਹਿਮ ਫੈਸਲੇ,,, ਮੇਜਰ ਸਿੰਘ ਟਿੱਬੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪ੍ਰੈਲ
INTERNATIONAL PAPER, 94636 01616
hardipchumber57@gmail.com




ਬਹੁਜਨ ਸਮਾਜ ਪਾਰਟੀ ਦਿਹਾਤੀ ਅਤੇ ਸ਼ਹਿਰੀ ਪਟਿਆਲਾ ਦੀ ਲੀਡਰਸ਼ਿਪ ਅਤੇ ਸਾਰੇ ਸਰਗਰਮ ਸਾਥੀਆ ਦੀ ਜ਼ਰੂਰੀ ਮੀਟਿੰਗ ਮਿਤੀ 3 ਮਾਰਚ 2025 ਨੂੰ ਪਾਰਟੀ ਦਫਤਰ ਪਟਿਆਲਾ ਵਿਖੇ ਹੋਈ। ਜਿਸਦੀ ਪ੍ਰਧਾਨਗੀ ਮੇਜਰ ਸਿੰਘ ਟਿੱਬੀ ਜ਼ਿਲ੍ਹਾ ਪ੍ਰਧਾਨ ਬਸਪਾ ਪਟਿਆਲਾ ਵਲੋਂ ਕੀਤੀ ਗਈ।

ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਧਾਨ ਸਭਾ ਕਮੇਟੀਆਂ ਨੂੰ ਚੁਸਤ ਦਰੁਸਤ ਕਰਨ ਲਈ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਜਿਸ ਵਿੱਚ ਸ ਲਾਲ ਚੰਦ ਨੂੰ ਪਟਿਆਲਾ ਸ਼ਹਿਰੀ ਦਾ ਪ੍ਰਧਾਨ ਲਗਾਇਆ ਗਿਆ। ਅਤੇ ਐਡਵੋਕੇਟ ਅਮਿਤ ਅਟਵਾਲ ਜੀ ਨੂੰ ਜ਼ਿਲ੍ਹਾ ਇੰਚਾਰਜ ਪਟਿਆਲਾ ਨਿਯੁਕਤ ਕਰਕੇ ਸ਼ਹਿਰੀ ਪਟਿਆਲਾ ਦਾ ਕਨਵੀਨਰ ਲਗਾਇਆ ਗਿਆ। ਅਤੇ ਸੀ ਰਵੀ ਬਾਲਮੀਕੀ ਨੂੰ ਪਟਿਆਲਾ ਦਿਹਾਤੀ ਦਾ ਪ੍ਰਧਾਨ ਲਗਾਇਆ ਗਿਆ।

ਮੀਟਿੰਗ ਦੇ ਮੁੱਖ ਮਹਿਮਾਨ ਵਜੋਂ ਸ ਬਲਦੇਵ ਸਿੰਘ ਮਹਿਰਾ ਸੂਬਾ ਜਨਰਲ ਸਕੱਤਰ ਅਤੇ ਸ, ਜੋਗਾ ਸਿੰਘ ਪਨੋਦੀਆ ਇੰਚਾਰਜ ਪਟਿਆਲਾ ਜੋਨ ਹਾਜ਼ਰ ਹੋਏ।

ਉਹਨਾਂ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਹਾੜੇ ਨੂੰ ਧੂਮਧਾਮ ਨਾਲ ਜ਼ਿਲ੍ਹਾ ਪੱਧਰ ਤੇ 14 ਅਪਰੈਲ ਨੂੰ ਪਟਿਆਲਾ ਵਿਖੇ ਮਨਾਉਣ ਦਾ ਐਲਾਨ ਕੀਤਾ। ਅਤੇ ਬਾਬਾ ਸਾਹਿਬ ਦੇ ਬੁੱਤ ਦੀ ਬੇਅਬਦੀ ਕਰਨ ਵਾਲੀਆਂ ਤਾਕਤਾਂ ਨੂੰ ਬਾਜ਼ ਆਉਣ ਲਈ ਤਾੜਨਾ ਭਰੇ ਲਹਿਜੇ ਵਿੱਚ ਕਿਹਾ ਕਿ ਇਸ ਦੇ ਸਿੱਟੇ ਬਹੁਤ ਗੰਭੀਰ ਨਿਕਲਣਗੇ। ਪੰਜਾਬ ਵਿੱਚ ਲਾ ਐਂਡ ਆਰਡਰ ਬਿਲਕੁਲ ਫੇਲ੍ਹ ਹੋ ਗਿਆ ਹੈ।ਇਸ ਲਈ ਪੰਜਾਬ ਸਰਕਾਰ ਬਿਲਕੁਲ ਨਿਕੰਮੀ ਸਾਬਤ ਹੋਈ ਹੈ।

ਇਸ ਮੌਕੇ ਸ ਜਰਨੈਲ ਸਿੰਘ ਸਵਾਜਪੁਰ ,ਸ ਜਰਨੈਲ ਸਿੰਘ ਆਈ ਟੀ ਉ,ਜ਼ਿਲ੍ਹਾ ਸਕੱਤਰ, ਸ ਸੁਰਜੀਤ ਸਿੰਘ ਗੋਰੀਆ ਇੰਚਾਰਜ ਜ਼ਿਲ੍ਹਾ ਪਟਿਆਲਾ ,ਸ ਜਗਮੇਲ ਸਿੰਘ ਜੱਸਲ ਦਫਤਰ ਸਕੱਤਰ,ਸ ਪੁਸਪਿੰਦਰ ਕਲਿਆਣ,ਸ ਰਜਿੰਦਰ ਸਿੰਘ ਬੀ ਵੀ ਐਫ਼,ਰਾਜੂ ਜੀ ਹਰਬੰਸ ਸਿੰਘ ਚਲੈਲਾ ਆਦਿ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਸਨ।

ਮੇਜਰ ਸਿੰਘ ਟਿੱਬੀ
ਜ਼ਿਲ੍ਹਾ ਪ੍ਰਧਾਨ ਬਸਪਾ ਪਟਿਆਲਾ।

# ਕੰਬਾਈਨਾਂ ਨਾਲ ਕਣਕ ਦੀ ਕਟਾਈ 'ਤੇ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਪਾਬੰਦੀ

## ਕਣਕ ਦੀ ਰਹਿੰਦ-ਖੂੰਹਦ ਤੇ ਨਾੜ ਨੂੰ ਅੱਗ ਲਾਉਣ 'ਤੇ ਵੀ ਲੱਗੀ ਰੋਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਖ਼ੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਚੰਡੀਗੜ੍ਹ ਦੇ ਪੱਤਰ ਅਤੇ ਰਬੀ ਸੀਜ਼ਨ 2025-26 ਨੂੰ ਮੁੱਖ ਰੱਖਦੇ ਹੋਏ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਜ਼ਿਮੀਦਾਰਾਂ/ ਕੰਬਾਈਨ ਮਾਲਕਾਂ ਵੱਲੋਂ ਕਣਕ ਦੀ ਕਟਾਈ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਨਹੀਂ ਕੀਤੀ ਜਾਵੇਗੀ। ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਚੰਡੀਗੜ੍ਹ ਵੱਲੋਂ ਆਪਣੇ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਰਬੀ ਸੀਜ਼ਨ 2025-26 ਦੌਰਾਨ ਕਣਕ ਦੀ ਖ਼ਰੀਦ ਦਾ ਸੀਜ਼ਨ ਮਿਤੀ 1-4-2025 ਤੋਂ ਸ਼ੁਰੂ ਕੇ ਮਿਤੀ 15-5-2025 ਨੂੰ ਮੁਕੰਮਲ ਹੋਵੇਗਾ। ਭਾਰਤ ਸਰਕਾਰ ਵੱਲੋਂ ਹਰ ਸਾਲ ਕਣਕ ਦੀ ਖ਼ਰੀਦ ਲਈ 12 ਫੀਸਦੀ ਨਮੀ ਦੀ ਮਾਤਰਾ ਨਿਰਧਾਰਿਤ ਕੀਤੀ ਜਾਂਦੀ ਹੈ, ਜਿਸ ਦੇ ਸਨਮੁੱਖ ਇਹ ਯਕੀਨੀ ਬਣਾਉਣਾ ਜ਼ਰੂਰੀ ਹੋ ਜਾਂਦਾ ਹੈ ਕਿ ਜਿਹੜੀ ਕਣਕ ਕਿਸਾਨਾਂ ਵੱਲੋਂ ਮੰਡੀਆਂ ਵਿਚ ਲਿਆਂਦੀ ਜਾਵੇ, ਉਹ ਵੱਧ ਨਮੀ ਵਾਲੀ ਨਾ ਹੋਵੇ। ਇਸ ਲਈ ਕਣਕ ਵਿਚ ਵੱਧ ਨਵੀਂ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਕਾਨੂੰਨੀ ਹੁਕਮ ਜਾਰੀ ਕਰਦੇ ਹੋਏ ਕੰਬਾਈਨ ਹਾਰਵੈਸਟਰ ਮਾਲਕਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਕਣਕ ਦੀ ਕਟਾਈ ਲਈ ਕੰਬਾਈਨਾਂ ਕੇਵਲ ਦਿਨ ਸਮੇਂ ਹੀ ਚਲਾਉਣ ਅਤੇ ਸੂਰਜ ਢਲਣ ਤੋਂ ਬਾਅਦ ਅਤੇ ਸੂਰਜ ਚੜ੍ਹਨ ਤੋਂ ਪਹਿਲਾਂ ਕੰਬਾਈਨਾਂ ਨਾ ਚੱਲਣ ਦਿੱਤੀਆਂ ਜਾਣ। ਇਸੇ ਤਰ੍ਹਾਂ ਜ਼ਿਲ੍ਹਾ ਮੈਜਿਸਟ੍ਰੇਟ ਨੇ ਇਕ ਵੱਖਰੇ ਹੁਕਮ ਰਾਹੀਂ ਜ਼ਿਲ੍ਹੇ ਦੀ ਹਦੂਦ ਅੰਦਰ ਕਣਕ ਦੀ ਰਹਿੰਦ-ਖੂੰਹਦ ਅਤੇ ਨਾੜ ਨੂੰ ਅੱਗ ਲਗਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਸ ਹੁਕਮ ਨੂੰ ਲਾਗੂ ਕਰਵਾਉਣ ਦੇ ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ ਅਤੇ ਮੁੱਖ ਖੇਤੀਬਾੜੀ ਅਫਸਰ, ਸ਼ਹੀਦ ਭਗਤ ਸਿੰਘ ਨਗਰ ਜ਼ਿੰਮੇਵਾਰ ਹੋਣਗੇ।

# ਮੀਤ ਹੇਅਰ ਨੇ ਪਾਰਲੀਮੈਂਟ ਵਿੱਚ ਆੜ੍ਹਤੀਆਂ ਦੇ ਕਮਿਸ਼ਨ ਅਤੇ ਪੰਜਾਬ ਲਈ ਸਪੈਸ਼ਲਾਂ ਵਧਾਉਣ ਦਾ ਮੁੱਦਾ ਚੁੱਕਿਆ

## ਲੋਕ ਸਭਾ ਮੈਂਬਰ ਨੇ ਸਿਫ਼ਰ ਕਾਲ ਵਿੱਚ ਫਸਲ ਦੀ ਖ਼ਰੀਦ ਨੂੰ ਸੁਚਾਰੂ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਮਸਲੇ ਦੇ ਤੁਰੰਤ ਹੱਲ ਦੀ ਮੰਗ ਰੱਖੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਸੰਗਰੂਰ, 3 ਅਪ੍ਰੈਲ, 2025: ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਪਾਰਲੀਮੈਂਟ ਦੇ ਸਿਫਰ ਕਾਲ ਦੌਰਾਨ ਫਸਲ ਦੀ ਖ਼ਰੀਦ ਨਾਲ ਜੁੜੇ ਦੇ ਅਹਿਮ ਮੁੱਦੇ ਉਠਾਉਂਦਿਆਂ ਆੜ੍ਹਤੀਆਂ ਨੂੰ ਕਣਕ ਅਤੇ ਝੋਨੇ ਉੱਪਰ ਮਿਲਣ ਵਾਲੇ ਕਮਿਸ਼ਨ ਨੂੰ ਪਹਿਲਾ ਵਾਂਗ ਐਮ.ਐਸ.ਪੀ. ਦਾ ਢਾਈ ਫੀਸਦੀ ਨਿਰਧਾਰਤ ਕਰਨ ਅਤੇ ਗੁਦਾਮਾਂ ਵਿੱਚੋਂ ਝੋਨੇ ਦੀ ਚੁਕਾਈ ਨੂੰ ਤੇਜ਼ ਕਰਨ ਲਈ ਪੰਜਾਬ ਲਈ ਸਪੈਸ਼ਲਾਂ ਵਧਾਉਣ ਦੀ ਮੰਗ ਰੱਖੀ। ਉਨ੍ਹਾਂ ਕਿਹਾ ਕਿ ਫਸਲ ਦੀ ਖ਼ਰੀਦ ਨੂੰ ਸੁਚਾਰੂ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਇਨ੍ਹਾਂ ਮਸਲਿਆਂ ਦਾ ਤੁਰੰਤ ਹੱਲ ਕੀਤਾ ਜਾਵੇ।

ਮੀਤ ਹੇਅਰ ਨੇ ਕਿਹਾ ਕਿ 2019-20 ਤੱਕ ਕਣਕ ਤੇ ਝੋਨੇ ਉੱਪਰ ਆੜ੍ਹਤੀਆਂ ਦਾ ਕਮਿਸ਼ਨ ਘੱਟੋ ਘੱਟ ਲਾਗਤ ਮੁੱਲ (ਐਮ.ਐਸ.ਪੀ.) ਦਾ ਢਾਈ ਫੀਸਦੀ ਨਿਰਧਾਰਤ ਸੀ ਜਿਸ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਇਸ ਨੂੰ ਬਦਲ ਕੇ 46 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ। ਉਦੋਂ ਤੋਂ ਇਹੋ ਦਰ ਚੱਲ ਰਹੀ ਹੈ ਜਦੋਂਕਿ ਮਹਿੰਗਾਈ ਹੋਰ ਵਧ ਗਈ ਪਰ ਕਮਿਸ਼ਨ ਜਿਉਂ ਦਾ ਤਿਉਂ ਰਿਹਾ ਜਿਸ ਕਾਰਨ ਪਿਛਲੇ ਸਮੇਂ ਵਿੱਚ ਆੜ੍ਹਤੀਆਂ ਵੱਲੋਂ ਹੜਤਾਲ ਕੀਤੀ ਗਈ ਜਿਸ ਦਾ ਸਿੱਧਾ ਅਸਰ ਪੰਜਾਬ ਵਿੱਚ ਫਸਲ ਦੀ ਖ਼ਰੀਦ ਉਪਰ ਪਿਆ।

ਮੀਤ ਹੇਅਰ ਨੇ ਆੜ੍ਹਤੀਆਂ ਦੀ ਮੰਗ ਨੂੰ ਜਾਇਜ਼ ਦੱਸਦਿਆਂ ਉਨ੍ਹਾਂ ਦਾ ਕਮਿਸ਼ਨ ਮੁੜ ਤੋਂ ਐਮ.ਐਸ. ਪੀ. ਦਾ ਢਾਈ ਫੀਸਦੀ ਨਿਰਧਾਰਤ ਕਰਨ ਦੀ ਮੰਗ ਰੱਖੀ। ਉਨ੍ਹਾਂ ਫਸਲ ਦੀ ਖ਼ਰੀਦ ਨੂੰ ਸੁਚਾਰੂ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਇਸ ਮਸਲੇ ਨੂੰ ਤੁਰੰਤ ਹੱਲ ਕਰਨ ਦੀ ਮੰਗ ਰੱਖੀ।

ਇਸ ਦੇ ਨਾਲ ਹੀ ਮੈਂਬਰ ਪਾਰਲੀਮੈਂਟ ਮੀਤ ਹੇਅਰ ਨੇ ਰਾਈਸ ਮਿੱਲਰਾਂ ਦਾ ਮੁੱਦਾ ਵੀ ਉਠਾਉਂਦਿਆਂ ਪੰਜਾਬ ਲਈ ਸਪੈਸ਼ਲਾਂ ਦੀ ਗਿਣਤੀ ਵਧਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪਹਿਲਾਂ ਮਾਰਚ ਅਪਰੈਲ ਤੱਕ ਪੰਜਾਬ ਵਿੱਚੋਂ ਝੋਨੇ ਦੀ ਲਿਫਟਿੰਗ ਹੋ ਜਾਂਦੀ ਸੀ ਪਰ ਹੁਣ ਛੇ ਮਹੀਨੇ ਬੀਤ ਜਾਣ ਤੱਕ ਵੀ ਨਹੀਂ ਹੋ ਰਹੀ। ਇਸ ਨਾਲ ਜਿੱਥੇ ਭੰਡਾਰਣ ਦੀ ਸਮੱਸਿਆ ਹੋ ਰਹੀ ਹੈ ਉੱਥੇ ਦਾਣਾ ਟੁੱਟਣ ਨਾਲ ਕਰੋੜਾਂ ਦੀ ਫਸਲ ਦਾ ਵੀ ਨੁਕਸਾਨ ਹੁੰਦਾ ਹੈ। ਇਸ ਦਾ ਸਿੱਧਾ ਖ਼ਮਿਆਜ਼ਾ ਸ਼ੈਲਰ ਮਾਲਕਾਂ ਨੂੰ ਭੁਗਤਣਾ ਪੈਂਦਾ ਹੈ ਅਤੇ ਇਸੇ ਕਾਰਨ ਸੈਂਕੜੇ ਸ਼ੈਲਰ ਬੰਦ ਹੋ ਰਹੇ ਹਨ

# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਸੀਨੀਅਰ ਸੇਵਕਾ ਦੀ ਸੇਵਾਮੁਕਤੀ ਤੇ ਨਿੱਘੀ ਵਿਦਾਇਗੀ ਪਾਰਟੀ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਭੀਖੀ, 03 ਅਪ੍ਰੈਲ (ਕਮਲ ਜਿੰਦਲ)

ਸਰਵਹਿੱਤਕਾਰੀ ਵਿੱਦਿਆ ਮੰਦਰ ਸੀਬੀਐਸਈ ਭੀਖੀ ਵਿਖੇ ਸੀਨੀਅਰ ਸੇਵਕਾ ਸ਼੍ਰੀਮਤੀ ਭੱਪੀ ਕੌਰ ਦੀ ਸੇਵਾਮੁਕਤੀ ਦੇ ਮੌਕੇ 'ਤੇ ਨਿੱਘੀ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸਕੂਲ ਮੁਖੀ ਡਾ. ਗਗਨਦੀਪ ਪਰਾਸ਼ਰ ਨੇ ਉਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਦਰਾਂ ਸਾਲ ਇਮਾਨਦਾਰੀ, ਲਗਨ ਅਤੇ ਮਿਹਨਤ ਨਾਲ ਵਿੱਦਿਆ ਮੰਦਰ ਵਿੱਚ ਪੂਰੀ ਤਨਦੇਹੀ ਨਾਲ ਆਪਣੇ ਕੰਮ ਨੂੰ ਨਿਭਾਇਆ ਹੈ ਜੋ ਕਿ ਉਨ੍ਹਾਂ ਦੇ ਸੇਵਾਕਾਲ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ । ਉਨ੍ਹਾਂ ਕਿਹਾ ਕਿ ਇੰਨੇ ਲੰਬੇ ਸਮੇਂ ਤੱਕ ਸੇਵਾ ਕਰਨ ਤੋਂ ਬਾਅਦ ਸਨਮਾਨ ਨਾਲ ਸੇਵਾਮੁਕਤ ਹੋਣਾ ਖੁਸ਼ਕਿਸਮਤੀ ਦੀ ਗੱਲ ਹੈ। ਇਸ ਮੌਕੇ ਸਮੂਹ ਵਿੱਦਿਆ ਮੰਦਰ ਪਰਿਵਾਰ ਨੇ ਉਨ੍ਹਾਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਅਤੇ ਸਮੂਹ ਸਟਾਫ਼ ਵੱਲੋਂ ਉਨ੍ਹਾਂ ਦੀ ਸੇਵਾਮੁਕਤੀ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ

# ਜ਼ਿੰਦਗੀ ਦੇ ਹਰ ਮੌਸਮ ਤੋਂ ਸਿੱਖੋ: ਨਵੀਂ ਸ਼ੁਰੂਆਤ ਨੂੰ ਅਪਣਾਓ ਅਤੇ ਅੱਗੇ ਵਧੋ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 9463601616
hardipchumber57@gmail.com

ਜ਼ਿੰਦਗੀ ਬਦਲਦੇ ਮੌਸਮਾਂ ਦੀ ਯਾਤਰਾ ਹੈ। ਜਿਵੇਂ ਕੁਦਰਤ ਬਸੰਤ ਤੋਂ ਗਰਮੀਆਂ, ਪਤਝੜ ਅਤੇ ਸਰਦੀਆਂ ਵਿੱਚ ਬਦਲਦੀ ਹੈ, ਸਾਡੀ ਜ਼ਿੰਦਗੀ ਵਿਕਾਸ, ਚੁਣੌਤੀ, ਨਵੀਨੀਕਰਨ ਅਤੇ ਪਰਿਵਰਤਨ ਦੇ ਚੱਕਰਾਂ ਵਿੱਚੋਂ ਲੰਘਦੀ ਹੈ। ਹਰ ਪੜਾਅ, ਭਾਵੇਂ ਖੁਸ਼ੀ ਭਰਿਆ ਹੋਵੇ ਜਾਂ ਮੁਸ਼ਕਲ, ਕੀਮਤੀ ਸਬਕ ਲੈ ਕੇ ਜਾਂਦਾ ਹੈ ਜੋ ਅਸੀਂ ਕੌਣ ਹਾਂ ਨੂੰ ਆਕਾਰ ਦਿੰਦੇ ਹਨ। ਹਰ ਮੌਸਮ ਨੂੰ ਇੱਕ ਨਵੀਂ ਸ਼ੁਰੂਆਤ ਵਜੋਂ ਅਪਣਾ ਕੇ, ਅਸੀਂ ਲਚਕਤਾ, ਬੁੱਧੀ ਅਤੇ ਅੱਗੇ ਵਧਣ ਦੀ ਤਾਕਤ ਪੈਦਾ ਕਰਦੇ ਹਾਂ।

ਬਸੰਤ: ਨਵੇਂ ਮੌਕਿਆਂ ਦਾ ਮੌਸਮ

ਬਸੰਤ ਨਵੀਆਂ ਸ਼ੁਰੂਆਤਾਂ, ਉਮੀਦ ਅਤੇ ਤਾਜ਼ੇ ਮੌਕਿਆਂ ਨੂੰ ਦਰਸਾਉਂਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਵਿਚਾਰ ਖਿੜਦੇ ਹਨ, ਰਿਸ਼ਤੇ ਵਧਦੇ ਹਨ, ਅਤੇ ਸੁਪਨੇ ਆਕਾਰ ਲੈਣ ਲੱਗਦੇ ਹਨ। ਇਸ ਮੌਸਮ ਵਿੱਚ, ਵਿਕਾਸ ਨੂੰ ਅਪਣਾਓ, ਜੋਖਮ ਲਓ ਅਤੇ ਨਵੀਆਂ ਸੰਭਾਵਨਾਵਾਂ ਦੀ ਪੜਚੋਲ ਕਰੋ। ਜਿਵੇਂ ਰੁੱਖ ਨਵੇਂ ਪੱਤੇ ਉਗਾਉਂਦੇ ਹਨ, ਅਸੀਂ ਵੀ ਆਪਣੇ ਆਪ ਨੂੰ ਮੁੜ ਸੁਰਜੀਤ ਕਰ ਸਕਦੇ ਹਾਂ ਅਤੇ ਉਤਸ਼ਾਹ ਨਾਲ ਬਦਲਾਅ ਦਾ ਸਵਾਗਤ ਕਰ ਸਕਦੇ ਹਾਂ।

ਸਬਕ: ਨਵੇਂ ਤਜ਼ਰਬਿਆਂ ਲਈ ਖੁੱਲ੍ਹੇ ਰਹੋ, ਸਿੱਖਣ ਨੂੰ ਅਪਣਾਓ ਅਤੇ ਆਪਣੇ ਟੀਚਿਆਂ ਦਾ ਪਾਲਣ ਪੋਸ਼ਣ ਕਰੋ।

ਗਰਮੀਆਂ: ਸਖ਼ਤ ਮਿਹਨਤ ਅਤੇ ਪਰਿਪੱਕਤਾ ਦਾ ਸਮਾਂ

ਗਰਮੀਆਂ ਸਖ਼ਤ ਮਿਹਨਤ, ਲਗਨ ਅਤੇ ਉਤਪਾਦਕਤਾ ਦਾ ਪ੍ਰਤੀਕ ਹਨ। ਇਹ ਸਮਾਂ ਮਿਹਨਤ ਕਰਨ, ਸਮਰਪਿਤ ਰਹਿਣ ਅਤੇ ਪਿਛਲੇ ਯਤਨਾਂ ਦੇ ਫਲ ਦਾ ਆਨੰਦ ਲੈਣ ਦਾ ਹੈ। ਚੁਣੌਤੀਆਂ ਪੈਦਾ ਹੋ ਸਕਦੀਆਂ ਹਨ, ਪਰ ਜਿਵੇਂ ਸੂਰਜ ਦੀ ਗਰਮੀ ਜ਼ਮੀਨ ਨੂੰ ਮਜ਼ਬੂਤ ਬਣਾਉਂਦੀ ਹੈ, ਉਸੇ ਤਰ੍ਹਾਂ ਮੁਸ਼ਕਲਾਂ ਚਰਿੱਤਰ ਅਤੇ ਧੀਰਜ ਦਾ ਨਿਰਮਾਣ ਕਰਦੀਆਂ ਹਨ।

ਸਬਕ: ਵਚਨਬੱਧ ਰਹੋ, ਧੀਰਜ ਰੱਖੋ, ਅਤੇ ਤਰੱਕੀ ਦੀ ਯਾਤਰਾ ਦਾ ਆਨੰਦ ਮਾਣੋ।

ਪਤਝੜ: ਪ੍ਰਤੀਬਿੰਬ ਅਤੇ ਜਾਣ ਦੇਣ ਦਾ ਸਮਾਂ

ਪਤਝੜ ਤਬਦੀਲੀ ਦਾ ਮੌਸਮ ਹੈ, ਜਿੱਥੇ ਪੱਤੇ ਡਿੱਗਦੇ ਹਨ, ਰਿਹਾਈ ਦਾ ਪ੍ਰਤੀਕ ਹੈ। ਇਹ ਸਾਨੂੰ ਪ੍ਰਤੀਬਿੰਬ ਅਤੇ ਉਸ ਚੀਜ਼ ਨੂੰ ਛੱਡਣ ਦੀ ਮਹੱਤਤਾ ਸਿਖਾਉਂਦਾ ਹੈ ਜੋ ਹੁਣ ਸਾਡੀ ਸੇਵਾ ਨਹੀਂ ਕਰਦੀ। ਭਾਵੇਂ ਇਹ ਜ਼ਹਿਰੀਲੇ ਰਿਸ਼ਤੇ ਹੋਣ, ਪੁਰਾਣੇ ਵਿਸ਼ਵਾਸ ਹੋਣ, ਜਾਂ ਪਿਛਲੀਆਂ ਅਸਫਲਤਾਵਾਂ ਹੋਣ, ਪਤਝੜ ਸਾਨੂੰ ਯਾਦ ਦਿਵਾਉਂਦੀ ਹੈ ਕਿ ਜਾਣ ਦੇਣਾ ਵਿਕਾਸ ਲਈ ਜਗ੍ਹਾ ਬਣਾਉਂਦਾ ਹੈ।

ਸਬਕ: ਆਪਣੇ ਅਨੁਭਵਾਂ 'ਤੇ ਵਿਚਾਰ ਕਰੋ, ਸ਼ੁਕਰਗੁਜ਼ਾਰੀ ਪ੍ਰਗਟ ਕਰੋ, ਅਤੇ ਨਕਾਰਾਤਮਕਤਾ ਨੂੰ ਛੱਡ ਦਿਓ।

ਸਰਦੀਆਂ: ਆਰਾਮ ਅਤੇ ਅੰਦਰੂਨੀ ਵਿਕਾਸ ਦਾ ਸਮਾਂ

ਸਰਦੀਆਂ ਨੂੰ ਅਕਸਰ ਸ਼ਾਂਤੀ ਦੇ ਮੌਸਮ ਵਜੋਂ ਦੇਖਿਆ ਜਾਂਦਾ ਹੈ, ਪਰ ਸਤ੍ਹਾ ਦੇ ਹੇਠਾਂ, ਤਬਦੀਲੀ ਹੋ ਰਹੀ ਹੈ। ਇਹ ਆਰਾਮ ਕਰਨ, ਠੀਕ ਕਰਨ ਅਤੇ ਅੰਦਰੂਨੀ ਤਾਕਤ ਪ੍ਰਾਪਤ ਕਰਨ ਦਾ ਸਮਾਂ ਹੈ। ਹਾਲਾਂਕਿ ਇਹ ਬਹੁਤ ਘੱਟ ਤਰੱਕੀ ਹੋ ਰਹੀ ਜਾਪਦੀ ਹੈ, ਸਰਦੀਆਂ ਸਾਨੂੰ ਸਿਖਾਉਂਦੀਆਂ ਹਨ ਕਿ ਵਿਕਾਸ ਅਕਸਰ ਚੁੱਪ ਵਿੱਚ ਹੁੰਦਾ ਹੈ।

ਸਬਕ: ਪ੍ਰਕਿਰਿਆ 'ਤੇ ਭਰੋਸਾ ਕਰੋ, ਸਵੈ-ਸੰਭਾਲ ਦਾ ਅਭਿਆਸ ਕਰੋ, ਅਤੇ ਨਵੀਨੀਕਰਨ ਲਈ ਤਿਆਰੀ ਕਰੋ।

ਹਰ ਮੌਸਮ ਨੂੰ ਇੱਕ ਨਵੀਂ ਸ਼ੁਰੂਆਤ ਵਜੋਂ ਅਪਣਾਓ

ਤੁਸੀਂ ਜ਼ਿੰਦਗੀ ਦੇ ਕਿਸੇ ਵੀ ਮੌਸਮ ਵਿੱਚ ਆਪਣੇ ਆਪ ਨੂੰ ਪਾਉਂਦੇ ਹੋ, ਯਾਦ ਰੱਖੋ ਕਿ ਹਰ ਪੜਾਅ ਅਸਥਾਈ ਹੁੰਦਾ ਹੈ। ਮੁਸ਼ਕਲ ਸਮਾਂ ਹਮੇਸ਼ਾ ਲਈ ਨਹੀਂ ਰਹਿੰਦਾ, ਅਤੇ ਖੁਸ਼ੀ ਭਰੇ ਪਲਾਂ ਦੀ ਕਦਰ ਕਰਨੀ ਚਾਹੀਦੀ ਹੈ। ਤਬਦੀਲੀ ਦਾ ਵਿਰੋਧ ਕਰਨ ਦੀ ਬਜਾਏ, ਇਸਨੂੰ ਸਿੱਖਣ, ਵਧਣ ਅਤੇ ਨਵੀਂ ਸ਼ੁਰੂਆਤ ਕਰਨ ਦੇ ਮੌਕੇ ਵਜੋਂ ਅਪਣਾਓ।

ਉਦੇਸ਼ ਨਾਲ ਅੱਗੇ ਵਧਣਾ

- ਬਦਲਾਅ ਨੂੰ ਸਵੀਕਾਰ ਕਰੋ: ਜ਼ਿੰਦਗੀ ਅਣਪਛਾਤੀ ਹੈ, ਪਰ ਹਰ ਤਬਦੀਲੀ ਨਵੇਂ ਮੌਕੇ ਲਿਆਉਂਦੀ ਹੈ।
- ਸਿੱਖਦੇ ਰਹੋ: ਹਰ ਅਨੁਭਵ—ਚੰਗਾ ਜਾਂ ਮਾੜਾ—ਮੁੱਲਮਈ ਸਬਕ ਲੈ ਕੇ ਜਾਂਦਾ ਹੈ।
- ਸਕਾਰਾਤਮਕ ਰਹੋ: ਔਖੇ ਸਮੇਂ ਵਿੱਚ ਵੀ ਉਮੀਦ ਬਣਾਈ ਰੱਖੋ, ਇਹ ਜਾਣਦੇ ਹੋਏ ਕਿ ਇੱਕ ਨਵਾਂ ਮੌਸਮ ਆ ਰਿਹਾ ਹੈ।
- ਅੱਗੇ ਵਧੋ: ਪਿਛਲੇ ਤਜ਼ਰਬਿਆਂ ਤੋਂ ਪ੍ਰਾਪਤ ਬੁੱਧੀ ਦੀ ਵਰਤੋਂ ਇੱਕ ਉੱਜਵਲ ਭਵਿੱਖ ਨੂੰ ਆਕਾਰ ਦੇਣ ਲਈ ਕਰੋ।

ਜ਼ਿੰਦਗੀ ਦੇ ਹਰ ਮੌਸਮ ਵਿੱਚ ਸਾਨੂੰ ਕੁਝ ਨਾ ਕੁਝ ਸਿਖਾਉਣ ਲਈ ਹੁੰਦਾ ਹੈ। ਹਰ ਪੜਾਅ ਨੂੰ ਖੁੱਲ੍ਹੇ ਦਿਲ ਨਾਲ ਅਪਣਾ ਕੇ, ਅਸੀਂ ਚੁਣੌਤੀਆਂ ਨੂੰ ਮੌਕਿਆਂ ਵਿੱਚ ਅਤੇ ਅੰਤ ਨੂੰ ਨਵੀਂ ਸ਼ੁਰੂਆਤ ਵਿੱਚ ਬਦਲਦੇ ਹਾਂ। ਅੱਗੇ ਵਧਦੇ ਰਹੋ, ਕਿਉਂਕਿ ਸਭ ਤੋਂ ਵਧੀਆ ਅਜੇ ਆਉਣਾ ਬਾਕੀ ਹੈ।



ਜਸਵਿੰਦਰ ਪਾਲ ਸ਼ਰਮਾ
ਸਸ ਮਾਸਟਰ
ਸਸਸਸ ਹਾਕੂਵਾਲਾ
ਸ੍ਰੀ ਮੁਕਤਸਰ ਸਾਹਿਬ
79860-27454

# ਪਿੰਡ ਥੇਂਦਾ ਚਿਪੜਾ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਐਨ.ਐਮ.ਐਮ.ਐਸ. ਪ੍ਰੀਖਿਆ ਪਾਸ ਕਰਕੇ ਚਮਕਾਇਆ ਇਲਾਕੇ ਦਾ ਨਾਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 9463601616
hardipchumber57@gmail.com



ਗੜ੍ਹਦੀਵਾਲ, 3 ਅਪ੍ਰੈਲ (ਤਰਸੇਮ ਦੀਵਾਨਾ ) ਸਰਕਾਰੀ ਮਿਡਲ ਸਕੂਲ ਥੇਂਦਾ ਚਿਪੜਾ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਵਜ਼ੀਫ਼ੇ ਦੀ ਮਾਣਮੱਤੀ ਪ੍ਰੀਖਿਆ ਐਨ.ਐਮ.ਐਮ.ਐਸ ਪਾਸ ਕਰਕੇ ਜਿੱਥੇ ਪਿੰਡ ਦਾ ਨਾਂ ਰੋਸ਼ਨ ਕੀਤਾ ਉੱਥੇ ਸਕੂਲ ਤੇ ਆਪਣੇ ਮਾਤਾ ਪਿਤਾ ਦਾ ਨਾਮ ਵੀ ਚਮਕਾ ਦਿੱਤਾ ਹੈ। ਇਸ ਮੌਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਕੂਲ ਮੁਖੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਲਲਿਤਾ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਟਾਫ਼ ਅਤੇ ਬੱਚਿਆਂ ਦੀ ਮਿਹਨਤ ਸਦਕਾ ਸਕੂਲ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਇਹ ਸਫਲਤਾ ਹਾਸਿਲ ਕੀਤੀ । ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਹੋਣਹਾਰ ਬੱਚਿਆਂ ਦੀ ਪੜ੍ਹਾਈ ਲਈ ਅਤੇ ਪੜ੍ਹ ਲਿਖ ਕੇ ਅੱਗੇ ਵਧਣ ਨੂੰ ਮੁੱਖ ਰੱਖਦਿਆਂ ਸਕਾਲਰਸ਼ਿਪ ਦਿੱਤੀ ਜਾਂਦੀ ਹੈ ਜਿਸ ਤਹਿਤ ਵਿਦਿਆਰਥਣ ਗੁਰਲੀਨ ਕੌਰ ਨੂੰ 9ਵੀਂ ਜਮਾਤ ਤੋਂ ਲੈ ਕੇ 12ਵੀਂ ਜਮਾਤ ਤੱਕ 12 ਹਜ਼ਾਰ ਕੁੱਲ 48 ਹਜ਼ਾਰ ਰੁਪਏ ਮਿਲਣਗੇ। ਇਸ ਬੱਚੀ ਨੂੰ ਅੱਜ ਸਕੂਲ ਦੇ ਵਿਚ ਸਕੂਲ ਮੁਖੀ ਗੁਰਪ੍ਰੀਤ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਹਰਜੀਤ ਸਿੰਘ ਭਾਟੀਆ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਹਰਜੀਤ ਸਿੰਘ ਭਾਟੀਆ ਨੇ ਕਿਹਾ ਕਿ ਗੁਰਲੀਨ ਕੌਰ ਨੇ ਐਨ.ਐਮ.ਐਮ.ਐਸ ਪਾਸ ਕਰਕੇ ਬਾਕੀ ਵਿਦਿਆਰਥੀਆਂ ਵਿਚ ਵੀ ਪੜ੍ਹ ਕੇ ਅੱਗੇ ਵਧਣ ਦਾ ਜਜ਼ਬਾ ਪੈਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਕੂਲ ਪ੍ਰਬੰਧਕਾਂ ਵੱਲੋਂ ਸਨਮਾਨਿਤ ਕਰਕੇ ਗੁਰਲੀਨ ਕੌਰ ਦਾ ਹੌਸਲਾ ਵਧਾਉਣਾ ਸਲਾਘਾ ਯੋਗ ਉਪਰਾਲਾ ਹੈ। ਇਸ ਮੌਕੇ ਗੁਰਲੀਨ ਕੌਰ ਦੇ ਪਿਤਾ ਮਨਪ੍ਰੀਤ ਸਿੰਘ ਮੰਨਾ ਵੀ ਇਸ ਸਨਮਾਨ ਸਮਾਰੋਹ ਦੌਰਾਨ ਹਾਜ਼ਰ ਹੋਏ । ਇਸ ਮੌਕੇ ਗੁਰਲੀਨ ਦੇ ਦਾਦਾ ਸਤਪਾਲ ਸਿੰਘ ਤੇ ਪਿਤਾ ਮਨਪ੍ਰੀਤ ਸਿੰਘ ਮੰਨਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਧੀਆਂ ਸਫਲਤਾ ਦਾ ਦੂਜਾ ਨਾਮ ਹਨ। ਲੜਕੀਆਂ ਪੜ੍ਹਨ ਦੇ ਨਾਲ ਖੇਡਾਂ ਵਿਚ ਵੀ ਅੱਗੇ ਹਨ। ਅੱਜ ਹਰ ਖੇਤਰ ਵਿਚ ਲੜਕੀਆਂ ਪੜ੍ਹ ਲਿਖ ਕੇ ਆਪਣੇ ਪੈਰਾਂ ਤੇ ਖੜ੍ਹੀਆਂ ਹੋ ਕੇ ਉੱਚ ਉਪਲੱਬਧੀਆਂ ਹਾਸਿਲ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਗੁਰਲੀਨ ਕੌਰ ਨੂੰ ਜਿਥੇ ਸਕੂਲ ਸਟਾਫ ਵੱਲੋਂ ਬਿਹਤਰ ਸਿੱਖਿਆ ਦਿੱਤੀ ਜਾਂਦੀ ਹੈ ਉੱਥੇ ਹੀ ਇਸਦੀ ਮਾਤਾ ਮਨਦੀਪ ਕੌਰ, ਦਾਦਾ ਸਤਪਾਲ ਸਿੰਘ, ਚਾਚਾ ਗੁਰਸੇਵਕ ਸਿੰਘ ਅਤੇ ਚਾਚੀ ਸੁਖਜਿੰਦਰ ਕੌਰ ਵੱਲੋਂ ਵੀ ਅੱਗੇ ਵਧ ਕੇ ਅਪਣਾ ਨਾਮ, ਸਕੂਲ ਦਾ ਨਾਮ ਅਤੇ ਪਰਿਵਾਰ ਦਾ ਨਾਮ ਰੌਸ਼ਨ ਕਰਨ ਦੀ ਪ੍ਰੇਰਨਾ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਅਤੇ ਲੜਕਿਆਂ ਵਿਚ ਕਦੇ ਫਰਕ ਨਹੀਂ ਸਮਝਣਾ ਚਾਹੀਦਾ ਸਗੋਂ ਇਨ੍ਹਾਂ ਦੇ ਅੰਦਰ ਲੁਕੇ ਹੁਨਰ ਨੂੰ ਉਭਾਰਨ ਲਈ ਹੌਸਲਾ ਦੇਣਾ ਚਾਹੀਦਾ ਹੈ। ਇਸ ਮੌਕੇ ਗੁਰਲੀਨ ਕੌਰ ਦੀ ਇਸ ਸਫਲਤਾ ਲਈ ਬਲਾਕ ਪ੍ਰਧਾਨ ਹਰਜੀਤ ਸਿੰਘ ਭਾਟੀਆ, ਸਕੂਲ ਮੁਖੀ ਗੁਰਪ੍ਰੀਤ ਸਿੰਘ ਅਤੇ ਸਕੂਲ ਸਟਾਫ ਵੱਲੋਂ ਵਧਾਈ ਦਿੱਤੀ ਗਈ । ਇਸ ਮੌਕੇ ਗੁਰਲੀਨ ਕੌਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਡਮ ਹਰਵੀਨ ਕੌਰ,ਮੈਡਮ ਨਵਜੋਤ ਕੌਰ,ਮੈਡਮ ਰਮਨਦੀਪ ਕੌਰ, ਮੈਡਮ ਜਸਵੀਰ ਕੌਰ, ਮੈਡਮ ਅਨੂਪ ਕੌਰ, ਮੈਡਮ ਏਕਤਾ ਸ਼ਰਮਾ ਆਦਿ ਹਾਜ਼ਰ ਸਨ।

# ਮੋਬਾਈਲ ਦੀ ਮਾੜੀ ਆਦਤ : ਨੁਕਸਾਨ, ਬਚਾਅ ਤੇ ਬੱਚਿਆਂ ਲਈ ਪ੍ਰੇਰਨਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 9463601616
hardipchumber57@gmail.com

ਆਧੁਨਿਕ ਤਕਨਾਲੋਜੀ ਨੇ ਇਨਸਾਨੀ ਜ਼ਿੰਦਗੀ 'ਚ ਕਈ ਅਸਾਨੀਆਂ ਪੈਦਾ ਕਰ ਦਿਤੀਆਂ ਹਨ। ਮੋਬਾਈਲ ਫੋਨ ਵੀ ਇਸ ਤਕਨਾਲੋਜੀ ਦੀ ਹੀ ਇਕ ਅਹਿਮ ਦੇਣ ਹੈ, ਜੋ ਅੱਜ ਹਰ ਵਿਅਕਤੀ ਦੀ ਜ਼ਿੰਦਗੀ ਦਾ ਇਕ ਅਟੁੱਟ ਹਿੱਸਾ ਬਣ ਚੁੱਕੀ ਹੈ। ਇਹ ਸਾਡੇ ਸੰਪਰਕ, ਸਿੱਖਿਆ, ਮਨੋਰੰਜਨ ਅਤੇ ਕੰਮਕਾਜ ਲਈ ਇਕ ਲਾਜ਼ਮੀ ਉਪਕਰਣ ਬਣ ਗਿਆ ਹੈ। ਪਰ ਜਿਵੇਂ ਹਰ ਚੀਜ਼ ਦੀ ਹੱਦੋਂ ਵੱਧ ਵਰਤੋਂ ਨੁਕਸਾਨਦਾਇਕ ਹੁੰਦੀ ਹੈ, ਠੀਕ ਉਸੇ ਤਰ੍ਹਾਂ ਮੋਬਾਈਲ ਦੀ ਵਾਧੂ ਵਰਤੋਂ ਵੀ ਕਈ ਸਮੱਸਿਆਵਾਂ ਪੈਦਾ ਕਰ ਰਹੀ ਹੈ। ਅੱਜ ਬਹੁਤ ਸਾਰੇ ਵਿਅਕਤੀ, ਖ਼ਾਸ ਕਰ ਕੇ ਬੱਚੇ ਤੇ ਨੌਜਵਾਨ, ਮੋਬਾਈਲ ਦੀ ਮਾੜੀ ਆਦਤ ਦੇ ਗੁਲਾਮ ਬਣਦੇ ਜਾ ਰਹੇ ਹਨ। ਇਸ ਆਦਤ ਦੇ ਅਨੇਕਾਂ ਨੁਕਸਾਨ ਹਨ, ਜੋ ਸਿਹਤ, ਸਮਾਜਕ ਜੀਵਨ ਤੇ ਵਿਅਕਤੀਗਤ ਵਿਕਾਸ ਉੱਤੇ ਮਾੜਾ ਪ੍ਰਭਾਵ ਪਾ ਰਹੇ ਹਨ।ਮੋਬਾਈਲ ਦੀ ਮਾੜੀ ਆਦਤ ਨਾਲ ਸਭ ਤੋਂ ਵੱਧ ਪ੍ਰਭਾਵਤ ਹੋਣ ਵਾਲਾ ਖੇਤਰ ਸਿਹਤ ਹੈ। ਮੋਬਾਈਲ ਸਕਰੀਨ ਦੇ ਸਾਹਮਣੇ ਬੇਹੱਦ ਸਮਾਂ ਬਤੀਤ ਕਰਨ ਨਾਲ ਅੱਖਾਂ ਦੀ ਰੋਸ਼ਨੀ ਕਮਜ਼ੋਰ ਹੋ ਸਕਦੀ ਹੈ। ਬਹੁਤ ਸਾਰੇ ਲੋਕ ਰਾਤ ਦੇ ਸਮੇਂ ਵੀ ਮੋਬਾਈਲ ਦੀ ਵਰਤੋਂ ਕਰਦੇ ਹਨ, ਜਿਸ ਕਾਰਨ ਨੀਂਦ ਦੀ ਘਾਟ ਹੋ ਜਾਂਦੀ ਹੈ। ਨੀਂਦ ਪੂਰੀ ਨਾ ਹੋਣ ਕਾਰਨ ਦਿਨ ਭਰ ਥਕਾਵਟ ਮਹਿਸੂਸ ਹੁੰਦੀ ਹੈ ਅਤੇ ਤਣਾਅ ਵੱਧ ਜਾਂਦਾ ਹੈ। ਇਨ੍ਹਾਂ ਨਾਲ ਹੀ, ਲੰਮੇ ਸਮੇਂ ਤਕ ਮੋਬਾਈਲ ਵਰਤਣ ਨਾਲ ਗਰਦਨ, ਪਿੱਠ ਅਤੇ ਅੰਗੂਠਿਆਂ ਵਿਚ ਦਰਦ ਹੋਣਾ ਆਮ ਗੱਲ ਬਣ ਗਈ ਹੈ। ਵਿਗਿਆਨਕ ਅਧਿਐਨ ਵੀ ਇਹ ਦਸਦੇ ਹਨ ਕਿ ਮੋਬਾਈਲ ਤੋਂ ਨਿਕਲਣ ਵਾਲੀ ਨੀਲੀ ਰੋਸ਼ਨੀ ਮਗਜ਼ ਦੀ ਸਮਰੱਥਾ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ, ਜਿਸ ਨਾਲ ਯਾਦਸ਼ਕਤੀ ਤੇ ਧਿਆਨ ਕੇਂਦਰਤ ਕਰਨ ਦੀ ਸਮਰੱਥਾ ਘੱਟ ਹੋ ਜਾਂਦੀ ਹੈ।ਇਸ ਤੋਂ ਇਲਾਵਾ ਮੋਬਾਈਲ ਦੀ ਵਾਧੂ ਵਰਤੋਂ ਲੋਕਾਂ ਦੇ ਸਮੇਂ ਨੂੰ ਵਿਅਰਥ ਕਰ ਰਹੀ ਹੈ। ਬਹੁਤ ਸਾਰੇ ਵਿਅਕਤੀ ਘੰਟਿਆਂ ਤਕ ਸੋਸ਼ਲ ਮੀਡੀਆ, ਆਨਲਾਈਨ ਗੇਮਾਂ ਅਤੇ ਵੀਡੀਓਜ਼ ਵਿਚ ਫਸੇ ਰਹਿੰਦੇ ਹਨ। ਵਿਦਿਆਰਥੀਆਂ ਲਈ ਇਹ ਆਦਤ ਹੋਰ ਵੀ ਖ਼ਤਰਨਾਕ ਹੈ ਕਿਉਂਕਿ ਇਹ ਉਨ੍ਹਾਂ ਦੀ ਪੜ੍ਹਾਈ ਉੱਤੇ ਮਾੜਾ ਪ੍ਰਭਾਵ ਪਾਉਂਦੀ ਹੈ। ਉਹ ਅਪਣਾ ਕੀਮਤੀ ਸਮਾਂ ਵਿਅਰਥ ਗੁਆਉਂਦੇ ਹਨ, ਜੋ ਕਿ ਉਹ ਉਤਪਾਦਕ ਗਤੀਵਿਧੀਆਂ ਜਾਂ ਵਿਦਿਅਕ ਕਾਰਜਾਂ ਵਿਚ ਲਗਾ ਸਕਦੇ ਹਨ।ਜਦੋਂ ਗੱਲ ਬੱਚਿਆਂ ਦੀ ਆਉਂਦੀ ਹੈ ਤਾਂ ਉਨ੍ਹਾਂ ਨੂੰ ਮੋਬਾਈਲ ਦੀ ਆਦਤ ਤੋਂ ਬਚਾਉਣ ਲਈ ਵੱਡਿਆਂ ਨੂੰ ਹੀ ਰੋਲ ਮਾਡਲ ਬਣਨਾ ਪਵੇਗਾ । ਜੇਕਰ ਮਾਪੇ ਖ਼ੁਦ ਮੋਬਾਈਲ ਦੀ ਮਾੜੀ ਆਦਤ ਤੋਂ ਦੂਰ ਰਹਿਣਗੇ ਤਾਂ ਬੱਚੇ ਵੀ ਇਹ ਆਦਤ ਨਹੀਂ ਬਣਾਉਣਗੇ। ਉਨ੍ਹਾਂ ਨੂੰ ਹੋਰ ਸਰਗਰਮੀਆਂ 'ਚ ਰੁਚੀ ਲੈਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ, ਜਿਵੇਂ ਕਿ ਖੇਡਾਂ, ਚਿੱਤਰਕਲਾ, ਪੜ੍ਹਾਈ ਅਤੇ ਹੋਰ ਸਿੱਖਣ ਵਾਲੀਆਂ ਗਤੀਵਿਧੀਆਂ। ਇਸ ਤੋਂ ਇਲਾਵਾ, ਇਕ 'ਡੀਜੀਟਲ ਡੀਟੋਕਸ' ਦਿਨ ਨਿਰਧਾਰਤ ਕਰਨਾ ਵੀ ਲਾਭਕਾਰੀ ਰਹੇਗਾ ਜਿਸ ਦੌਰਾਨ ਪੂਰਾ ਪ੍ਰਵਾਰ ਮੋਬਾਈਲ ਤੋਂ ਦੂਰ ਰਹੇ। ਅੱਜ ਦੇ ਯੁੱਗ ਵਿਚ ਜਿੱਥੇ ਮੋਬਾਈਲ ਇਕ ਲੋੜ ਬਣ ਗਿਆ ਹੈ, ਉਥੇ ਇਹ ਵੀ ਜ਼ਰੂਰੀ ਹੈ ਕਿ ਅਸੀਂ ਇਸ ਦੀ ਮਾੜੀ ਆਦਤ ਤੋਂ ਬਚੀਏ । ਮੋਬਾਈਲ ਦੀ ਵਰਤੋਂ ਸੰਭਾਵਤ ਤਰੀਕੇ ਨਾਲ ਕਰਨੀ ਚਾਹੀਦੀ ਹੈ, ਤਾਂ ਜੋ ਇਹ ਸਾਨੂੰ ਵਿਕਾਸ ਦੀ ਦਿਸ਼ਾ 'ਚ ਲੈ ਜਾਵੇ, ਨਾਕਿ ਮਾੜੇ ਪ੍ਰਭਾਵ ਪਾਉਣ ਵਾਲੀ ਆਦਤ ਬਣ ਜਾਵੇ। ਮਾਪਿਆਂ, ਅਧਿਆਪਕਾਂ ਅਤੇ ਸਮਾਜ ਨੂੰ ਮਿਲ ਕੇ ਇਸ ਮਸਲੇ ਤੇ ਕੰਮ ਕਰਨਾ ਚਾਹੀਦਾ ਹੈ ਤਾ ਜੋ ਅੱਗੇ ਆਉਣ ਵਾਲੀ ਪੀੜ੍ਹੀ ਸਿਹਤਮੰਦ, ਸਿੱਖਿਆ ਪ੍ਰਾਪਤ ਤੇ ਉਤਪਾਦਕ ਜੀਵਨ ਬਤੀਤ ਕਰ ਸਕੇ ।ਆਦਤ ਕਾਰਨ ਲੋਕ ਅਸਲ ਦੁਨੀਆਂ ਤੋਂ ਦੂਰ ਹੋ ਰਹੇ ਹਨ। ਪਰਿਵਾਰ ਦੇ ਮੈਂਬਰ ਹੁਣ ਇਕੱਠੇ ਬੈਠਣ ਦੇ ਬਾਵਜੂਦ ਵੀ ਅਪਣਾ ਜ਼ਿਆਦਾਤਰ ਸਮਾਂ ਆਪਣੇ-ਆਪਣੇ ਮੋਬਾਈਲ 'ਤੇ ਬਤੀਤ ਕਰਦੇ ਹਨ, ਜਿਸ ਨਾਲ ਪਰਿਵਾਰਕ ਅਤੇ ਸਮਾਜਕ ਸਬੰਧ ਕਮਜ਼ੋਰ ਹੋ ਰਹੇ ਹਨ।ਮੋਬਾਈਲ ਦੀ ਆਦਤ ਕਾਰਨ ਆਰਥਕ ਨੁਕਸਾਨ ਵੀ ਹੋ ਸਕਦੇ ਹਨ। ਕਈ ਲੋਕ ਬੇਲੋੜੀ ਖ਼ਰੀਦਦਾਰੀ ਕਰਦੇ ਹਨ, ਆਨਲਾਈਨ ਗੇਮਾਂ 'ਤੇ ਪੈਸਾ ਖਰਚਦੇ ਹਨ ਅਤੇ ਮਹਿੰਗੀਆਂ ਐਪਲੀਕੇਸ਼ਨਾਂ 'ਤੇ ਵਿਅਰਥ ਰਕਮ ਲਗਾ ਦਿੰਦੇ ਹਨ। ਇਹ ਆਦਤ ਖ਼ਾਸ ਕਰ ਕੇ ਨੌਜਵਾਨਾਂ 'ਚ ਵੱਧ ਰਹੀ ਹੈ ਜੋ ਕਿ ਉਨ੍ਹਾਂ ਦੀ ਆਰਥਕ ਹਾਲਤ ਤੇ ਵਿਹਾਰਿਕ ਜੀਵਨ ਉੱਤੇ ਵੀ ਪ੍ਰਭਾਵ ਪਾਉਂਦੀ ਹੈ।ਪਰ,ਮੋਬਾਈਲ ਦੀ ਮਾੜੀ ਆਦਤ ਤੋਂ ਬਚਣਾ ਸੰਭਵ ਹੈ, ਜੇਕਰ ਅਸੀਂ ਅਪਣੇ 'ਚ ਕੁੱਝ ਬਦਲਾਅ ਲਿਆਈਏ। ਇਕ-ਅੱਧਾ ਘੰਟਾ ਹੀ ਸੋਸ਼ਲ ਮੀਡੀਆ ਲਈ ਰੱਖਣਾ, ਇਕ ਚੰਗਾ ਉਪਾਅ ਹੋ ਸਕਦਾ ਹੈ। ਸਾਡੀ ਜ਼ਿੰਦਗੀ ਵਿਚ ਹੋਰ ਸਰਗਰਮੀਆਂ ਨੂੰ ਸ਼ਾਮਲ ਕਰਨਾ ਵੀ ਜ਼ਰੂਰੀ ਹੈ। ਜਿਵੇਂ ਕਿ ਕਿਤਾਬਾਂ ਪੜ੍ਹਨਾ, ਸਰੀਰਕ ਕਸਰਤ ਕਰਨੀ, ਆਊਟਡੋਰ ਖੇਡਾਂ 'ਚ ਸ਼ਾਮਲ ਹੋਣਾ ਅਤੇ ਪਰਿਵਰਕ ਗੱਲਬਾਤ ਵਿਚ ਹਿੱਸਾ ਲੈਣਾ। ਇਨ੍ਹਾਂ ਕਾਰਜਾਂ ਨਾਲ ਮੋਬਾਈਲ ਉੱਤੇ ਆਧਾਰਤ ਜੀਵਨਸ਼ੈਲੀ ਨੂੰ ਬਦਲਿਆ ਜਾ ਸਕਦਾ ਹੈ।



ਰਮਨਦੀਪ ਕੌਰ
ਬਾਬਾ ਫ਼ਰੀਦ ਕਾਲਜ
ਆਫ਼ ਐਜੂਕੇਸ਼ਨ,
ਦਿਉਣ (ਬਠਿੰਡਾ)

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ, ਕੋਟਗੁਰੂ
ਮੋਬਾਇਲ 98888-70822,

# ਡੀਐਮਸੀ ਐਂਡ ਐੱਚ ਕਾਲਜ ਆਫ਼ ਨਰਸਿੰਗ, ਮਲਕਪੁਰ ਵਿਖੇ ਸਾਲਾਨਾ ਖੇਡ ਦਿਵਸ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 9463601616
hardipchumber57@gmail.com



ਲੁਧਿਆਣਾ (ਗੁਰਦੀਪ ਸਿੰਘ) ਡੀਐਮਸੀ ਐਂਡ ਐੱਚ ਕਾਲਜ ਆਫ਼ ਨਰਸਿੰਗ ਨੇ ਨਰਸਿੰਗ ਅਤੇ ਪੈਰਾ ਮੈਡੀਕਲ ਕੋਰਸਾਂ ਦੇ ਵਿਦਿਆਰਥੀਆਂ ਲਈ ਸਾਲਾਨਾ ਖੇਡ ਦਿਵਸ ਦਾ ਆਯੋਜਨ ਡਾ. ਨਿਧੀ ਸਾਗਰ, ਪ੍ਰੋਫੈਸਰ ਕਮ ਵਾਈਸ ਪ੍ਰਿੰਸੀਪਲ ਅਤੇ ਸਪੋਰਟਸ ਕੋਆਰਡੀਨੇਟਰ ਸ਼੍ਰੀਮਤੀ ਮਮਤਾ, ਪ੍ਰੋਫੈਸਰ ਦੀ ਅਗਵਾਈ ਹੇਠ ਕੀਤਾ। ਇਸ ਪ੍ਰੋਗਰਾਮ ਵਿੱਚ 2021 ਤੋਂ 2024 ਬੈਚ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ। ਮੁੱਖ ਮਹਿਮਾਨ ਸ਼੍ਰੀ ਬਿਪਿਨ ਗੁਪਤਾ ਸਕੱਤਰ ਡੀ.ਐਮ.ਸੀ. ਐਂਡ ਐੱਚ ਮੈਨੇਜਿੰਗ ਸੋਸਾਇਟੀ, ਸ਼੍ਰੀ ਮੁਕੇਸ਼ ਕੁਮਾਰ ਖਜ਼ਾਨਚੀ ਡੀ.ਐਮ.ਸੀ. ਐਂਡ ਐੱਚ ਮੈਨੇਜਿੰਗ ਸੋਸਾਇਟੀ, ਡਾ. ਗੁਰਪ੍ਰੀਤ ਸਿੰਘ ਵਾਂਡਰ ਪ੍ਰਿੰਸੀਪਲ ਡੀ.ਐਮ.ਸੀ. ਐਂਡ ਐੱਚ, ਲੁਧਿਆਣਾ, ਡਾ. ਸੰਦੀਪ ਕੌਸ਼ਲ ਡੀਨ ਅਕਾਦਮਿਕ ਡੀ.ਐਮ.ਸੀ. ਐਂਡ ਐੱਚ, ਡਾ. ਸੰਦੀਪ ਸ਼ਰਮਾ ਅਤੇ ਡਾ. ਅਸ਼ਵਨੀ ਚੌਧਰੀ ਮੈਡੀਕਲ ਸੁਪਰਡੈਂਟ ਡੀ.ਐਮ.ਸੀ. ਅਤੇ ਐੱਚ, ਸ਼੍ਰੀ ਅਨਿਤ ਜੇਸਫ਼ ਡੀ.ਐਨ.ਐਸ. ਡੀ.ਐਮ.ਸੀ. ਐਂਡ ਐੱਚ ਨੇ ਡੀ.ਐਮ.ਸੀ. ਐਂਡ ਐੱਚ ਕਾਲਜ ਆਫ਼ ਨਰਸਿੰਗ ਦੇ ਫੈਕਲਟੀ ਦੁਆਰਾ ਬੜੇ ਜੋਸ਼ ਨਾਲ ਕੀਤਾ ਗਿਆ। ਅੰਤ ਵਿੱਚ ਹਰੇਕ ਖਿਡਾਰੀ ਨੂੰ ਟੀਮ ਭਾਵਨਾ ਨੂੰ ਵਧਾਉਣ ਲਈ ਪ੍ਰੇਰਿਤ ਕਰਨ ਲਈ ਮੈਡਲ ਅਤੇ ਸਰਟੀਫਿਕੇਟ ਵੰਡੇ ਗਏ। ਕਬੂਤਰ ਅਤੇ ਗੁਬਾਰੇ ਉਡਾ ਕੇ ਖੇਡ ਮੁਕਾਬਲੇ ਦਾ ਉਦਘਾਟਨ ਕੀਤਾ। ਪੈਰਾ-ਮੈਡੀਕਲ ਕੋਰਸ ਦੇ ਇੰਚਾਰਜ, ਫਿਜ਼ੀਓਲੋਜੀ ਦੇ ਪ੍ਰੋਫੈਸਰ ਡਾ.ਜੋਗਿੰਦਰ ਸਿੱਧੂ ਅਤੇ ਪੈਥੋਲੋਜੀ ਦੇ ਪ੍ਰੋਫੈਸਰ ਡਾ.ਅਮਿੰਦਰ ਸਿੰਘ ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕੀ ਤੀ । ਵਿ ਦਿ ਆ ਰ ਥੀ ਆਂ ਨੇ 100 ਮੀਟਰ ਦੌੜ, 200 ਮੀਟਰ ਰੀਲੇਅ ਦੌੜ, ਲੈਮਨ ਰੇਸ, ਡਿਸਕਸ ਥ੍ਰੋ, ਜੈਵਲਿਨ ਥ੍ਰੋ, ਲੌਂਗ ਜੰਪ, ਖੋ-ਖੋ, ਵਾਲੀਬਾਲ, ਬੈਡਮਿੰਟਨ, ਬਾਸਕਟਬਾਲ, ਫੁੱਟਬਾਲ ਆਦਿ ਵੱਖ-ਵੱਖ ਖੇਡਾਂ ਵਿੱਚ ਹਿੱਸਾ ਲਿਆ ਜਿਨ੍ਹਾਂ ਦਾ ਤਾਲਮੇਲ ਡੀ.ਐਮ.ਸੀ. ਐਂਡ ਐਚ ਕਾਲਜ ਆਫ਼ ਨਰਸਿੰਗ ਦੇ ਫੈਕਲਟੀ ਦੁਆਰਾ ਬੜੇ ਜੋਸ਼ ਨਾਲ ਕੀਤਾ ਗਿਆ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

# ਅੱਜ ਵੀ ਸਮਾਜ ਉੱਥੇ ਦਾ ਉੱਥੇ

ਅਮਨਦੀਪ ਕੌਰ
ਮੋਬਾਇਲ ਨੰਬਰ -
9780174887,



ਅੱਜ ਕੱਲ ਆਮ ਹੀ ਸੁਣਨ ਵਿੱਚ ਆਉਂਦਾ ਹੈ ਕਿ ਹੁਣ ਤਾਂ ਸਮਾਜ ਬਹੁਤ ਬਦਲ ਗਿਆ ਹੈ l ਪੁਰਾਣੇ ਸਮੇਂ ਵਿੱਚ ਤਾਂ ਹਲਾਤ ਬਹੁਤ ਮਾੜੇ ਸੀ l ਛੋਟੀ ਜਾਤ ਵਾਲਿਆਂ ਨਾਲ ਤਾਂ ਕੋਈ ਵਰਤਦਾ ਵੀ ਨਹੀਂ ਸੀ l ਉਹਨਾਂ ਨੂੰ ਆਪਣੇ ਖੂਹ ਤੋਂ ਪਾਣੀ ਤੱਕ ਭਰਨ ਨਹੀਂ ਦਿੱਤਾ ਜਾਂਦਾ ਸੀ ਅਤੇ ਨਾ ਹੀ ਬੱਚਿਆਂ ਨੂੰ ਆਪਸ ਵਿੱਚ ਖੇਡਣ ਦਿੱਤਾ ਜਾਂਦਾ ਸੀ ਅਤੇ ਨਾ ਹੀ ਕਿਸੇ ਪ੍ਰੋਗਰਾਮ ਵਿੱਚ ਸੱਦਿਆ ਜਾਂਦਾ ਸੀ l ਸਮਾਜ ਵਿੱਚ ਰਹਿੰਦਿਆ ਹੋਇਆ ਨੂੰ ਵੀ ਉਹਨਾਂ ਨੂੰ ਸਮਾਜ ਦੇ ਹਰ ਕੰਮ ਤੋਂ ਦੂਰ ਰੱਖਿਆ ਜਾਂਦਾ ਸੀ l ਪਰ ਹੁਣ ਕਹਿੰਦੇ ਸਮਾਜ ਬਦਲ ਚੁੱਕਿਆ ਹੈ l ਛੋਟੀ ਜਾਤ ਵਾਲੇ ਸਿੱਖਿਆ ਪ੍ਰਾਪਤ ਕਰ ਸਕਦੇ ਹਨ, ਨੌਕਰੀਆਂ ਪ੍ਰਾਪਤ ਕਰ ਸਕਦੇ ਹਨ l ਕਿਉਂ ਕਿ ਇਹ ਸਾਰੇ ਹੱਕ ਸੰਵਿਧਾਨ ਨੇ ਉਹਨਾਂ ਨੂੰ ਦਿੱਤੇ ਹਨ l ਪਰ ਕੀ ਇਹਨਾਂ ਨੇ ਉਹਨਾਂ ਦੇ ਦਿਲਾਂ ਵਿੱਚ ਮਾਣ ਤੇ ਸਤਿਕਾਰ ਹਾਸਲ ਕਰ ਲਿਆ ਹੈ ਜਾਂ ਉਹਨਾਂ ਨੇ ਇਹ ਬਣਦਾ ਸਤਿਕਾਰ ਦੇ ਦਿੱਤਾ ਹੈ l ਇਸ ਦਾ ਜਵਾਬ ਹੈ - ਨਹੀਂ l ਭਾਵੇਂ ਨੀਵੀਂ ਜਾਤ ਵਾਲੇ ਉੱਚ ਸਿੱਖਿਆ ਪ੍ਰਾਪਤ ਕਰਕੇ ਉੱਚੀਆਂ ਪੋਸਟਾਂ ਤੇ ਬੈਠ ਜਾਣ ਤਾਂ ਵੀ ਇਹਨਾਂ ਦਾ ਨਜ਼ਰੀਆ ਉਹੀ ਰਹਿੰਦਾ ਬਦਲਦਾ ਨਹੀਂ l ਬਹੁਤੀ ਵਾਰੀ ਜਦੋਂ ਕਿ ਉਹਨਾਂ ਨੂੰ ਕਈ ਵਾਰ ਕੋਲ ਖੜ੍ਹੇ ਬੰਦੇ ਦੀ ਜਾਤ ਦਾ ਪਤਾ ਨਹੀਂ ਹੁੰਦਾ , ਉਹ ਅਜਿਹੇ ਅਪਸ਼ਬਦ ਵਰਤਦੇ ਹਨ ਤੇ ਆਪਣੇ ਮਨ ਦੀ ਭੜਾਸ ਬਾਹਰ ਕੱਢਦੇ ਹਨ l ਕੋਈ ਵੀ ਜਗ੍ਹਾ ਹੋਵੇ ਚਾਹੇ ਨੌਕਰੀ, ਧਾਰਮਿਕ ਜਾਂ ਵਿਦਿਅਕ ਹਰ ਖੇਤਰ ਵਿੱਚ ਵਿਤਕਰਾ ਸਾਫ਼ ਨਜ਼ਰ ਆਉਂਦਾ l ਬਹੁਤੇ ਧਾਰਮਿਕ ਅਸਥਾਨ ਤੇ ਤਾਂ ਅੱਜ ਵੀ ਇਹ ਵਿਤਕਰਾ ਦੇਖਣ ਨੂੰ ਮਿਲਦਾ l ਬਹੁਤੇ ਧਾਰਮਿਕ ਅਸਥਾਨ ਤੇ ਤਾਂ ਇਹਨਾਂ ਦੇ ਬਰਤਨ ( ਭਾਂਡੇ ) ਤੱਕ ਵੱਖਰੇ ਹੁੰਦੇ ਹਨ l ਸਿੱਖਿਆ ਪ੍ਰਾਪਤੀ ਸਮੇਂ ਤਾਂ ਇਹ ਵਿਤਕਰਾ ਆਮ ਹੀ ਵਿਦਿਆਰਥੀਆਂ ਵਿੱਚ ਵੇਖਣ ਨੂੰ ਮਿਲਦਾ ਹੈ l ਵਿਦਿਆਰਥੀ ਬਿਨਾਂ ਕਿਸੇ ਸ਼ੋਰ ਦੇ ਹੀ ਉਹਨਾਂ ਨਾਲ ਇਸ ਤਰ੍ਹਾਂ ਦਾ ਬੁਰਾ ਵਰਤਾਓ ਕਰਦੇ ਹਨ ਕਿ ਕਈ ਵਾਰ ਉਹ ਚਾਹੁੰਦੇ ਹੋਏ ਵੀ ਕੁਝ ਨਹੀਂ ਕਰ ਸਕਦੇ ਪਰ ਜੇ ਕਰ ਸਕਦੇ ਹਨ ਤਾਂ ਉਹ ਸਿਰਫ਼ ਓਹਨਾਂ ਤੋਂ ਕਿਨਾਰਾ ਹੀ ਕਰਦੇ ਹਨ ਕਿਉਂ ਕਿ ਇਹ ਇਸ ਬੁਰੇ ਵਰਤਾਓ ਦਾ ਦਿਖਾਵਾ ਨਹੀਂ ਕਰਦੇ ਜਿਸ ਨਾਲ ਕਿ ਉਹ ਆਪਣੇ ਟੀਚਰ ਨੂੰ ਸ਼ਿਕਾਇਤ ਕਰ ਸਕੇ l ਸਿੱਟੇ ਵੱਜੋਂ ਉਹ ਇਕੱਲੇ ਹੀ ਰਹਿ ਕੇ ਪੜ੍ਹਨਾ ਪਸੰਦ ਕਰਦੇ ਹਨ l ਕਈ ਵਾਰ ਉਹ ਇਸ ਪੜ੍ਹਾਈ ਵਿਚ ਇਕੱਲਾ ਹੀ ਉਸ ਜਾਤ ਦਾ ਹੁੰਦਾਂ l ਕੋਈ ਪੜ੍ਹਾਈ ਵਿੱਚ ਮੱਦਦ ਨਹੀਂ ਕਰਦਾ , ਉਹ ਸਭ ਮੁਸ਼ਕਿਲਾਂ ਦਾ ਇਕੱਲਾ ਹੀ ਸਾਮ੍ਹਣਾ ਕਰਦਾ l ਕਿਉ ਕਿ ਬਹੁਤ ਘੱਟ ਬੱਚੇ ਹੀ ਉੱਚ ਸਿੱਖਿਆ ਤੱਕ ਪਹੁੰਚ ਸਕਦੇ ਹਨ l ਇਸ ਵਿੱਚ ਵੀ ਮੇਰਾ ਨਿੱਜੀ ਅਨੁਭਵ ਹੈ l ਉੱਚ ਸਿੱਖਿਆ ਪ੍ਰਾਪਤ ਕਰਨ ਲਈ ਮੈਨੂੰ ਵੀ ਘਰਦਿਆਂ ਨੇ ਹੋਸਟਲ ਪੜ੍ਹਨ ਲਈ ਭੇਜ ਦਿੱਤਾ l ਉੱਥੇ ਮੈਂ ਮੇਰੇ ਨਾਲ ਪਹਿਲਾਂ ਹੀ ਕਾਲਜ ਵਿੱਚ ਪੜ੍ਹਨ ਵਾਲੀਆ ਕੁੜੀਆ ਨਾਲ ਇੱਕ ਹੀ ਕਮਰੇ ਵਿੱਚ ਰਹਿਣ ਲੱਗੀ l ਕਾਲਜ ਸਮੇਂ ਤਾਂ ਘਰ ਸ਼ਾਮ ਨੂੰ ਵਾਪਸ ਆ ਜਾਂਦੀ ਸੀ l ਉਹਨਾਂ ਨਾਲ ਤਾਂ ਕਾਲਜ ਵਿੱਚ ਕਲਾਸ ਸਮੇਂ ਹੀ ਗੱਲਬਾਤ ਹੁੰਦੀ ਸੀ l ਉਹਨਾਂ ਦੇ ਸੁਭਾਅ ਬਾਰੇ ਜ਼ਿਆਦਾ ਪਤਾ ਵੀ ਨਹੀਂ ਸੀ l ਪਰ ਹੁਣ ਇੱਕ ਕਮਰੇ ਵਿੱਚ ਇਕੱਠੇ ਰਹਿ ਰਹੀਆਂ ਸੀ l ਕੁਝ ਕੁ ਦਿਨਾਂ ਬਾਅਦ ਸਭ ਦਾ ਘਰ ਆਉਣਾ ਹੋਇਆ ਤੇ ਛੁੱਟੀ ਤੋਂ ਬਾਅਦ ਵਾਪਸੀ ਤੇ ਮੈਂ ਕਮਰੇ ਵਿੱਚ ਪਹੁੰਚੀ ਤਾਂ ਦੇਖਿਆ ਨਾਲ ਵਾਲੀਆਂ ਕੁੜੀਆਂ ਦਾ ਕੋਈ ਵੀ ਸਮਾਨ ਕਮਰੇ ਵਿੱਚ ਨਹੀਂ ਸੀ l ਸਿਰਫ਼ ਮੇਰਾ ਹੀ ਸਮਾਨ ਸੀ l ਫਿਰ ਮੈਨੂੰ ਪਤਾ ਲੱਗਿਆ ਕਿ ਉਹਨਾਂ ਨੇ ਕਮਰਾ ਬਦਲ ਲਿਆ ਹੈ l ਕਿਉਂ ਕਿ ਉਹ ਸਭ ਉੱਚੀ ਜਾਤ ਵਾਲੀਆਂ ਕੁੜੀਆਂ ਮੇਰੇ ਨਾਲ ਰਹਿਣਾ ਹੀ ਨਹੀਂ ਚਾਹੁੰਦੀਆਂ ਸਨ l ਫਿਰ ਮੈਂ ਇੱਕਲੇ ਹੀ ਕਮਰੇ ਵਿੱਚ ਰਹਿਣਾ, ਕਲਾਸਾਂ ਲਗਾਉਣੀਆਂ , ਹੋਸਟਲ ਮੈੱਸ ਵਿੱਚ ਇੱਕਲੇ ਹੀ ਖਾਣਾ ਖਾਣ ਜਾਣਾ ਤੇ ਰਾਤ ਨੂੰ ਇੱਕਲੇ ਹੀ ਕਮਰੇ ਵਿੱਚ ਸੌਣਾ l ਨਵੇਂ ਹੋਣ ਕਰਕੇ ਕਿਸੇ ਨਾਲ ਜ਼ਿਆਦਾ ਜਾਣ ਪਹਿਚਾਣ ਵੀ ਨਹੀਂ ਸੀ l ਇਹ ਸਭ ਨੇ ਮੈਨੂੰ ਮਾਨਸਿਕ ਤੌਰ ਤੇ ਬਹੁਤ ਪ੍ਰੇਸ਼ਾਨ ਕਰ ਦਿੱਤਾ l ਪਰ ਅਜੇ ਵੀ ਉਹਨਾਂ ਨੂੰ ਮੇਰੇ ਵਿਰੁੱਧ ਚੈਨ ਨਹੀਂ ਸੀ ਆਇਆ l ਉਹਨਾਂ ਨੇ ਪ੍ਰਿੰਸੀਪਲ ਮੈਡਮ ਤੱਕ ਗੱਲ ਕਰ ਦਿੱਤੀ ਕਿ ਇਹਨਾਂ ਦੇ ਘਰਦੇ ਕਿਹੋ ਜਿਹੇ ਹਨ ਕਦੇ ਮਿਲਣ ਨਹੀਂ ਆਏ, ਪਤਾ ਨਹੀਂ ਕਿਹੋ ਜਿਹੇ ਪਰਿਵਾਰ ਦੀ ਆ ਆਦਿ ਤੇ ਬਹੁਤ ਸਾਰੇ ਹੋਰ ਅਪਸ਼ਬਦਾਂ ਦੀ ਵਰਤੋਂ ਕੀਤੀ l ਇਹ ਸ਼ਬਦਾਂ ਦਾ ਵੀ ਮੈਨੂੰ ਤਾਂ ਪਤਾ ਲੱਗਿਆ ਇੱਕ ਦਿਨ ਦੁਪਹਿਰ ਦਾ ਖਾਣਾ ਖਾਣ ਲਈ ਮੈਂ ਹੋਸਟਲ ਮੈੱਸ ਵਿੱਚ ਜਾ ਰਹੀ ਸੀ ਤਾਂ ਪ੍ਰਿੰਸੀਪਲ ਮੈਡਮ ਨੇ ਮੈਨੂੰ ਦਫ਼ਤਰ ਵਿੱਚ ਬੁਲਾ ਲਿਆ ਤੇ ਸਭ ਗੱਲ ਮੇਰੇ ਨਾਲ ਕੀਤੀ ਕਿ ਬਾਕੀ ਤੇਰੇ ਨਾਲ ਵਾਲੀਆਂ ਕੁੜੀਆਂ ਤੇਰੇ ਬਾਰੇ ਇਸ ਤਰ੍ਹਾਂ ਕਹਿੰਦੀਆ ਹਨ l ਫਿਰ ਮੈਂ ਦੱਸਿਆ ਕਿ ਮੇਰੇ ਮਾਤਾ ਜੀ ਬਿਮਾਰ ਰਹਿੰਦੇ ਹਨ ਤੇ ਪਿਤਾ ਜੀ ਬਾਹਰ ਦੂਜੇ ਸ਼ਹਿਰ ਵਿੱਚ ਡਿਊਟੀ ਕਰਦੇ ਨੇ, ਭਰਾ ਵੀ ਕੰਮ ਕਰਕੇ ਹਮੇਸ਼ਾਂ ਬਾਹਰ ਹੀ ਜ਼ਿਆਦਾ ਰਹਿੰਦਾ l ਮੇਰੇ ਮਗਰ ਹੋਸਟਲ ਵਿੱਚ ਕੋਈ ਨਹੀਂ ਆ ਸਕਦਾ l ਪਰ ਜੇ ਉਹ ਕਰ ਸਕਦੇ ਹਨ ਤਾਂ ਸਿਰਫ਼ ਮੇਰੀਆ ਸਮੇਂ ਸਿਰ ਫੀਸਾਂ ਭਰ ਸਕਦੇ ਹਨ l ਪਰ ਫਾਲਤੂ ਸਮਾਂ ਨਹੀਂ ਕੱਢ ਸਕਦੇ ਕਾਲਜ ਤੇ ਹੋਸਟਲ ਨੂੰ ਵੀ ਸਿਰਫ਼ ਆਪਣੀ ਸਮੇਂ ਸਿਰ ਫੀਸ ਤੱਕ ਹੀ ਮਤਲਬ ਹੈ l ਕੋਈ ਮੈਨੂੰ ਮਿਲਣ ਆਉਂਦਾ ਹੈ ਕਿ ਨਹੀਂ ਉਸ ਤੱਕ ਕਿਸੇ ਦਾ ਕੋਈ ਮਤਲਬ ਨਹੀਂ । ਮੇਰੀ ਮੈਡਮ ਸਮਝ ਗਈ ਤੇ ਮੈਨੂੰ ਪੜ੍ਹਾਈ ਸਬੰਧੀ ਹਰ ਮਦਦ ਲਈ ਸਿੱਧਾ ਆਪਣੇ ਨਾਲ ਸੰਪਰਕ ਕਰਨ ਲਈ ਕਿਹਾ ਤੇ ਹਰ ਹਫ਼ਤੇ ਸ਼ਨੀਵਾਰ ਨੂੰ ਘਰ ਜਾਣ ਦੀ ਇਜਾਜ਼ਤ ਦੇ ਦਿੱਤੀ । ਪਰ ਮੇਰੀ ਮਾਨਸਿਕ ਪੀੜ੍ਹਾ ਅਜੇ ਵੀ ਦੂਰ ਨਹੀਂ ਹੋਈ ਸੀ। ਉਹਨਾਂ ਦੇ ਇਸ ਤਰਾਂ ਬਿਨਾਂ ਗੱਲ ਤੋਂ ਦਫਤਰ ਤੱਕ ਪਹੁੰਚ ਜਾਣ ਨਾਲ ਮੈਨੂੰ ਧੱਕਾ ਲੱਗਾ ਕਿ ਐਨੀ ਵੱਡੀ ਕੀ ਗੱਲ ਹੋ ਗਈ ਕਿ ਉਹ ਦਫ਼ਤਰ ਤੱਕ ਪਹੁੰਚ ਗਈਆਂ। ਛੋਟੀ ਜਾਤ ਦਾ ਹੋਣਾ ਕੀ ਐਨਾ ਵੱਡਾ ਗੁਨਾਹ ਹੈ। ਕਿ ਉਹਨਾਂ ਦੇ ਘਰਦਿਆਂ ਤੱਕ ਨੂੰ ਵਿੱਦਿਅਕ ਅਦਾਰਿਆਂ ਵਿੱਚ ਖਿੱਚਿਆ ਜਾਵੇ। ਮੈਂ ਹੋਰ ਪ੍ਰੇਸ਼ਾਨ ਹੋ ਗਈ। ਛੁੱਟੀ ਵਿੱਚ ਘਰ ਆਈ ਤਾਂ ਪਿਤਾ ਜੀ ਨੂੰ ਸਾਰੀ ਗੱਲ ਦੱਸੀ, ਕੁਝ ਦੇਰ ਤਾਂ ਉਹ ਚੁੱਪ ਰਹੇ ਜਿਵੇਂ ਮਨ ਵਿੱਚ ਸੋਚ ਰਹੇ ਹੋਣ ਕਿ ਮੇਰੀ ਧੀ ਕਿਵੇਂ ਉੱਚੀ ਨੀਵੀਂ ਜਾਤ ਦੀਆ ਮੁਸ਼ਕਿਲਾ ਵਿੱਚ ਫਸੀ ਮਾਨਸਿਕ ਤੌਰ ਤੇ ਪ੍ਰੇਸ਼ਾਨ ਹੈ। ਕਿਉਂ ਨਹੀਂ ਇਹ ਸਾਡੇ ਬੱਚਿਆਂ ਨੂੰ ਅਰਾਮ ਨਾਲ ਪੜ੍ਹਨ ਦਿੰਦੇ। ਹੋਸਟਲ ਦਾ ਖਰਚਾ ਤੇ ਫੀਸਾਂ ਦੇਣ ਦੇ ਬਾਵਜੂਦ ਵੀ ਮੇਰੀ ਧੀ ਇਹ ਜਾਤੀਵਾਦ ਦੀਆ ਪ੍ਰੇਸ਼ਾਨੀਆਂ ਵਿੱਚ ਫਸੀ ਮਾਨਸਿਕ ਪੀੜ੍ਹਾ ਚੱਲ ਰਹੀ ਹੈ। ਫਿਰ ਉਹ ਇੱਕ ਦਮ ਬੋਲੇ ਪੁੱਤ ਤੂੰ ਜਦੋਂ ਹੋਸਟਲ ਜਾਏਗੀ ਤਾਂ ਆਪਣਾ ਸਮਾਨ ਵਾਪਸ ਲੈ ਆਵੀਂ ਤੇ ਕਾਲਜ ਵੀ ਛੱਡ ਦੇ। ਮੈਂ ਤੈਨੂੰ ਪਰੇਸ਼ਾਨੀ ਵਿੱਚ ਨਹੀਂ ਦੇਖ ਸਕਦਾ। ਮੈਨੂੰ ਲੱਗਿਆ ਮੇਰੀ ਸਾਰੀ ਪ੍ਰੇਸ਼ਾਨੀ ਖ਼ਤਮ ਹੋ ਗਈ। ਸੋਮਵਾਰ ਨੂੰ ਮੈਂ ਕਾਲਜ ਗਈ, ਫਿਰ ਵਾਪਸ ਆਪਣੇ ਕਮਰੇ ਵਿੱਚ ਆ ਗਈ , ਪ੍ਰੇਸ਼ਾਨੀ ਘੱਟ ਸੀ । ਕਿਉਂ ਕਿ ਮੈਂ ਤਾਂ ਆਪਣਾ ਸਮਾਨ ਲੈ ਕੇ ਘਰ ਜਾਣਾ ਸੀ। ਰਾਤ ਨੂੰ ਸੌਣ ਵੇਲੇ ਇੱਕ ਗੱਲ ਮਨ ਵਿੱਚ ਆਈ ਕਿ ਮੇਰਾ ਬਾਪ ਕਿੰਨਾ ਚੰਗਾ, ਉਸ ਤੋਂ ਮੇਰੀ ਮਾਨਸਿਕ ਪ੍ਰੇਸ਼ਾਨੀ ਦੇਖੀ ਨਹੀਂ ਗਈ l ਝੱਟਪਟ ਘਰ ਵਾਪਸ ਆਉਣ ਲਈ ਕਹਿ ਦਿੱਤਾ l ਮਾਂ - ਬਾਪ ਕਿੰਨਾ ਮਜ਼ਬੂਰ ਹੋ ਜਾਂਦੇ ਹਨ l ਫੀਸਾਂ ਦੇ ਪ੍ਰਬੰਧ ਹੋਣ ਦੇ ਬਾਵਜੂਦ ਵੀ ਉਹਨਾਂ ਦੇ ਬੱਚਿਆ ਨੂੰ ਇਹ ਜਾਤੀਵਾਦ ਦੀਆ ਮੁਸ਼ਕਿਲਾ ਦਾ ਸਾਮ੍ਹਣਾ ਕਰਦੇ ਹੋਏ ਮਾਨਸਿਕ ਪੀੜ੍ਹਾ ਝੱਲਣੀ ਪੈਂਦੀ ਹੈ l ਉਹ ਅਕਸਰ ਆਪਣੇ ਬੱਚਿਆਂ ਨੂੰ ਪੜ੍ਹਾਈ ਤੋਂ ਹਟਾ ਲੈਂਦੇ ਹਨ l ਮਨ ਵਿੱਚ ਖ਼ਿਆਲ ਆਇਆ ਕਾਲਜ ਤੇ ਹੋਸਟਲ ਦਾ ਹਰ ਮਹੀਨੇ ਦਾ ਖ਼ਰਚਾ ਪਿਤਾ ਜੀ ਦਿੰਦੇ ਹਨ l ਇਸ ਤੋਂ ਇਲਾਵਾ ਵਾਧੂ ਖ਼ਰਚਾ ਕੋਲ਼ ਰੱਖਣ ਨੂੰ ਦਿੰਦੇ ਹਨ l ਇਹਨੇ ਖਰਚਿਆ ਦੇ ਬਾਵਜੂਦ ਵੀ ਉਹਨਾਂ ਨੇ ਮੈਨੂੰ ਘਰ ਵਾਪਸ ਆਉਣ ਲਈ ਕਹਿ ਦਿੱਤਾ l ਕਿੰਨਾ ਪੈਸਾ ਖ਼ਰਾਬ ਹੋਵੇਗਾ l ਜੇ ਮੈਂ ਕਾਲਜ ਵਿੱਚ ਛੱਡ ਕੇ ਚਲੀ ਗਈ l ਜਿੱਥੇ ਹੋਰ ਦਾਖ਼ਲਾ ਲਵਾਂਗੀ ਉੱਥੇ ਵੀ ਤਾਂ ਇਹ ਸਭ ਮੁਸ਼ਕਿਲਾਂ ਆਉਣਗੀਆ। ਤਾਂ ਮੇਰੇ ਦਿਲ ਵਿੱਚੋਂ ਇੱਕ ਹੀ ਆਵਾਜ਼ ਆਈ ਜੇ ਮੇਰੇ ਬਾਪ ਨੇ ਆਪਣੇ ਪੈਸੇ ਖਰਾਬ ਹੋਣ ਦੀ ਪ੍ਰਵਾਹ ਨਹੀਂ ਕੀਤੀ ਤੇ ਮੈਨੂੰ ਘਰ ਵਾਪਸ ਬੁਲਾ ਲਿਆ ਤਾਂ ਮੈਂ ਵੀ ਹਰ ਮੁਸ਼ਕਿਲ ਦਾ ਸਾਹਮਣਾ ਕਰਾਂਗੀ। ਮੈਂ ਜਾਤੀਵਾਦ ਦੀਆ ਸਭ ਮੁਸ਼ਕਿਲਾਂ ਨੂੰ ਪਾਰ ਕਰਕੇ ਆਪਣੀ ਮੰਜ਼ਿਲ ਤੇ ਪਹੁੰਚਣਾ ਹੈ। ਮੈਂ ਆਪਣੇ ਮਨ ਨੂੰ ਮਜ਼ਬੂਤ ਕਰ ਲਿਆ ਤੇ ਇੱਕਲੇ ਹੀ ਖੁਸ਼ ਰਹਿਣਾ ਸ਼ੁਰੂ ਕਰ ਦਿੱਤਾ। ਹੌਲੀ - ਹੌਲੀ ਸਾਰਾ ਸਾਲ ਬੀਤ ਗਿਆ ਤੇ ਪੇਪਰ ਵੀ ਹੋ ਗਏ। ਜਦੋਂ ਨਤੀਜਾ ਆਇਆ ਤਾਂ ਮੇਰੇ ਨੰਬਰ ਸਭ ਤੋਂ ਵੱਧ ਸੀ। ਸਮੇਂ ਦੇ ਨਾਲ ਹੋਰ ਸਹੇਲੀਆਂ ਬਣ ਗਈਆਂ। ਪੁਰਾਣੀਆਂ ਸਾਥਣਾਂ ਇੱਕ ਸਾਲ ਲਾ ਕੇ ਵਾਪਸ ਘਰ ਮੁੜ ਆਈਆ ਤੇ ਮੈਂ ਕਾਲਜ ਵਿੱਚ ਅਗੇਰਲੀ ਪੜ੍ਹਾਈ ਲਈ ਰੁਕ ਗਈ। ਅੱਜ ਵੀ ਕਈ ਵਾਰ ਨੀਵੀਂ ਜਾਤ ਵਾਲਿਆਂ ਨੂੰ ਉੱਚਾ ਉੱਠਦੇ ਵੇਖ ਇਹਨਾਂ ਨੂੰ ਚੰਗਾ ਨਹੀਂ ਲੱਗਦਾ। ਫ਼ਿਰ ਉਹਨਾਂ ਕੋਲ ਇੱਕ ਹੀ ਗੱਲ ਰਹਿ ਜਾਂਦਾ ਹੈ। ਸੰਵਿਧਾਨ ਨੇ ਤੁਹਾਨੂੰ ਜ਼ਿਆਦਾ ਅਧਿਕਾਰ ਦਿੱਤੇ ਹਨ । ਜਿਸ ਨਾਲ ਤੁਹਾਨੂੰ ਨੌਕਰੀ ਮਿਲ ਜਾਂਦੀ ਹੈ,ਪੜ੍ਹਾਈ ਵੀ ਸਸਤੀ ਜਾਂ ਮੁਫ਼ਤ ਹੁੰਦੀ ਹੈ। ਉੱਚੀ ਜਾਤ ਵਾਲਿਆਂ ਨੂੰ ਤਾਂ ਕੁਝ ਨਹੀਂ ਮਿਲਦਾ। ਪਰ ਉਹ ਇਹ ਨਹੀਂ ਸੋਚਦੇ ਇਹਨਾਂ ਕੋਲ਼ ਪਿਓ ਦਾਦਿਆਂ ਦਾ ਦਿੱਤਾ ਵਿਰਾਸਤੀ ਕੁਝ ਨਹੀਂ ਹੁੰਦਾ , ਜੇ ਹੁੰਦਾ ਤਾਂ ਸਿਰਫ਼ ਆਪਣੀ ਮਿਹਨਤ ਨਾਲ ਹਾਸਲ ਕੀਤੀਆ ਡਿਗਰੀਆਂ ਹੀ ਹੁੰਦੀਆ ਹਨ। ਕਿੰਨੀਆ ਮੁਸ਼ਕਿਲਾਂ ਤੇ ਬਿਨਾਂ ਸਹੂਲਤਾਂ ਤੋਂ ਪੜ੍ਹਾਈ ਕਰਕੇ ਨੌਕਰੀਆਂ ਤੱਕ ਪਹੁੰਚਦੇ ਹਨ। ਘਰਾਂ ਵਿੱਚ ਕੋਈ ਸਹੂਲਤ ਨਹੀਂ ਮਿਲਦੀ ਤੇ ਜਦੋਂ ਬਾਹਰ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਖਾਮੋਸ਼ ਅੱਖਾਂ ਤੇ ਚੁੱਭਵੀਆਂ ਅੰਦਰੋਂ ਅੰਦਰੀ ਤੋੜ ਮਰੋੜ ਦਿੰਦੀਆਂ। ਇਹ ਨੀਵੀਂ ਜਾਤ ਵਾਲਿਆਂ ਨੂੰ ਦਿੱਤੀ ਆਪਣੇ ਵੱਲੋਂ ਮਾਨਸਿਕ ਪੀੜ੍ਹਾ ਨੂੰ ਸਮਝ ਨਹੀਂ ਸਕਦੇ । ਫ਼ਿਰ ਕਿੱਥੇ ਮਿਲਿਆ ਬਰਾਬਰ ਦਾ ਹੱਕ। ਸੰਵਿਧਾਨ ਨੇ ਤਾਂ ਦੇ ਦਿੱਤੇ ਹੱਕ , ਪਰ ਸਮਾਜ ਦੇ ਇਹਨਾਂ ਲੋਕਾਂ ਨੇ ਆਪਣੇ ਦਿਲਾਂ ਵਿੱਚ ਹੱਕ ਨਹੀਂ ਦਿੱਤੇ। ਸੰਵਿਧਾਨ ਵਲੋਂ ਦਿੱਤੇ ਹੱਕ ਇਹਨਾਂ ਨੂੰ ਆਪਣੇ ਨਾਲ ਹੋਇਆ ਧੱਕਾ ਲੱਗਦਾ । ਉੱਚ ਸਿੱਖਿਆ ਪ੍ਰਾਪਤ ਕਰਕੇ ਵੀ ਇਹ ਲੋਕ ਪਰਮਾਤਮਾ ਦੇ ਬਣਾਏ ਇਨਸਾਨਾਂ ਵਿੱਚ ਵੰਡੀਆਂ ਪਾਈ ਬੈਠੇ ਆ । ਉੱਚ ਸਿੱਖਿਆ ਵੀ ਉਹਨਾਂ ਦੀ ਸੋਚ ਨੂੰ ਬਦਲ ਨਹੀਂ ਸਕੀ। ਸਭ ਕੁਝ ਬਦਲ ਗਿਆ। ਪੁਰਾਣੇ ਸਮੇਂ ਤੋਂ ਹੁਣ ਤੱਕ ਅਨੇਕਾਂ ਤਬਦੀਲੀਆਂ ਆ ਚੁੱਕੀਆਂ ਹਨ। ਪਰ ਨੀਵੀਂ ਜਾਤ ਵਾਲਿਆਂ ਲਈ ਤਾਂ ਸਮਾਜ ਉੱਥੇ ਦਾ ਉੱਥੇ ਹੈ ।

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ,
ਮੋਬਾਇਲ 98888-70822,

# ਥਾਣਾ ਹਰਿਆਣਾ ਦੀ ਪੁਲਿਸ ਨੇਂ ਨਜਾਇਜ਼ ਅਸਲਾ ਤੇ ਨਸ਼ੀਲੇ ਪਦਾਰਥ ਸਮੇਤ ਕੀਤਾ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ !

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 3 ਅਪ੍ਰੈਲ ( ਤਰਸੇਮ ਦੀਵਾਨਾ ) ਸੰਦੀਪ ਕੁਮਾਰ ਮਲਿਕ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵਲੋਂ ਨਸ਼ਿਆ ਅਤੇ ਸਮਾਜ ਵਿਰੋਧੀ ਅਨਸਰਾ ਦੇ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਮੇਜਰ ਸਿੰਘ ਪੁਲਿਸ ਕਪਤਾਨ ਪੀ.ਬੀ.ਆਈ ਦੀ ਰਹਿਨੁਮਾਈ ਹੇਠ ਨਰਿੰਦਰ ਸਿੰਘ, ਪੀ.ਪੀ.ਐਸ, ਉਪ ਕਪਤਾਨ ਪੁਲਿਸ, ਦਿਹਾਤੀ ਦੀ ਨਿਗਰਾਨੀ ਹੇਠ ਸਬ-ਡਵੀਜਨ ਦਿਹਾਤੀ ਦੇ ਏਰੀਆ ਵਿੱਚ ਲੁੱਟਾ ਖੋਹਾਂ ਅਤੇ ਨਸ਼ਾ ਸਪਲਾਈ ਕਰਨ ਵਾਲੇ ਸਮਾਜ ਵਿਰੋਧੀ ਅਨਸਰਾ ਦੇ ਖਿਲਾਫ ਕਾਰਵਾਈ ਕਰਦੇ ਹੋਏ ਥਾਣਾ ਹਰਿਆਣਾ ਦੀ ਪੁਲਿਸ ਵੱਲੋ ਲੁੱਟਾ ਖੋਹਾ ਅਤੇ ਨਸ਼ਾ ਸਪਲਾਈ ਕਰਨ ਵਾਲੇ ਦੋਸ਼ੀਆ ਨੂੰ ਗ੍ਰਿਫਤਾਰ ਕੀਤਾ ਗਿਆ ! ਐਸ.ਆਈ. ਦਲਜੀਤ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਡੱਲੇਵਾਲ ਦੇ ਮੋੜ ਤੋਂ ਐਕਟਿਵਾ ਤੇ ਸਵਾਰ ਹੋ ਕੇ ਆ ਰਹੇ ਸਾਦਿਕ ਮੁਹੰਮਦ ਉਰਫ ਆਂਡਾ ਪੁੱਤਰ ਤਾਜ ਮੁਹੰਮਦ ਵਾਸੀ ਸਤੋਰ ਪਰਮਵੀਰ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਮਿਲਾਪ ਨਗਰ ਥਾਣਾ ਮਾਡਲ ਟਾਉਨ ਨੂੰ ਗ੍ਰਿਫਤਾਰ ਕੀਤਾ ਅਤੇ ਇਹਨਾਂ ਪਾਸੋ 56 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ ਗਿਆ।

ਜਿਸਤੇ ਥਾਣਾ ਹਰਿਆਣਾ ਵਿਖੇ ਮੁਕੱਦਮਾ ਕੀਤਾ ਗਿਆ। ਪੁਲਿਸ ਅਧਿਕਾਰੀਆਂ ਨੇਂ ਦੱਸਿਆ ਕਿ ਫੜੇ ਗਏ ਵਿਅਕਤੀਆਂ ਕੋਲੋਂ ਪੁੱਛਗਿਛ ਕਰਕੇ ਜਿਸ ਵਿਅਕਤੀ ਪਾਸੇ ਇਹ ਵਿਅਕਤੀ ਨਸ਼ੀਲਾ ਪਦਾਰਥ ਖਰੀਦਦੇ ਸੀ, ਉਸ ਵਿਅਕਤੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਜਿਸ ਨੇ ਆਪਣਾ ਨਾਮ ਮੁਕੇਸ਼ ਕੁਮਾਰ ਉਰਫ ਚੰਦੂ ਪੁਤਰ ਰਮੇਸ਼ ਚੰਦਰ ਵਾਸੀ ਗਲੀ ਨੰਬਰ 03 ਸ਼ੰਕਰ ਨਗਰ ਦੱਸਿਆ

ਉਹਨਾਂ ਦੱਸਿਆ ਕਿ ਉਕਤ ਕਥਿਤ ਦੋਸ਼ੀਆ ਪਾਸੋ ਪੁੱਛਗਿਛ ਦੌਰਾਨ ਕਥਿਤ ਦੋਸ਼ੀਆਂ ਨੇ ਦੱਸਿਆ ਕਿ ਉਹ ਨਸ਼ਾ ਕਰਨ ਦੇ ਆਦੀ ਹਨ ਅਤੇ ਨਸ਼ੇ ਦੀ ਪੂਰਤੀ ਲਈ ਉਹ ਨਸ਼ਾ ਸਪਲਾਈ ਅਤੇ ਲੁੱਟਾ ਖੋਹਾਂ ਕਰਦੇ ਹਨ, ਸਾਦਿਕ ਮੁਹੰਮਦ ਉਰਫ ਆਂਡਾ ਅਤੇ ਪਰਮਵੀਰ ਸਿੰਘ ਨੇ ਮੰਨਿਆ ਕਿ ਅਸੀ ਸਰਬਜੀਤ ਸਿੰਘ ਉਰਫ ਸਾਬੀ ਵਾਸੀ ਕਾਂਟੀਆ ਨਾਲ ਰਲ ਕੇ ਸਿਮਰਨ ਢਾਬਾ ਤੇ ਸਵੀਤਰੀ ਪਲਾਈਵੁੱਡ ਫੈਕਟਰੀ ਨੂੰ ਜਾਂਦੀ ਸੜਕ ਤੇ ਐਕਟਿਵਾ ਸਵਾਰ ਵਿਅਕਤੀ ਪਾਸੋ 13 ਹਜਾਰ ਰੁਪਏ ਦੀ ਪਿੰਡ ਕੁਲੀਆ ਨਹਿਰ ਤੇ ਪਿਸਤੋਲ ਨੁਮਾ ਚੀਜ ਦਿਖਾ ਕੇ ਖੋਹੀ ਸੀ। ਗ੍ਰਿਫਤਾਰ ਕੀਤੇ ਵਿਅਕਤੀਆਂ ਪਾਸੋ ਇਸ ਵਾਰਦਾਤ ਵਿਚ ਵਰਤਿਆ ਨਕਲੀ ਪਿਸਤੋਲ, ਇੱਕ ਗੰਡਾਸੀ ਅਤੇ ਵਾਰਦਾਤ ਵਿੱਚ ਵਰਤਿਆ ਕਾਲੇ ਰੰਗ ਦਾ ਮੋਟਰ ਸਾਈਕਲ ਮਾਰਕਾ ਸਪਲੈਂਡਰ ਬ੍ਰਾਮਦ ਕੀਤਾ ਗਿਆ ਹੈ । ਫੋਟੋ ਅਜਮੇਰ ਦੀਵਾਨਾ

# ਕਪੜੇ ਦੀ ਦੁਕਾਨ ਨੂੰ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਸਮਾਨ ਸੜ ਕੇ ਸੁਆਹ।

## ਮੌਕੇ ਤੇ ਫਾਇਰ ਬ੍ਰਿਗੇਡ ਪਹੁੰਚਣ ਕਾਰਨ ਨਾਲ ਦੀਆਂ ਦੁਕਾਨਾਂ ਸੜਨ ਤੋਂ ਬਚਾਅ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਮੋਰਿੰਡਾ 3 ਅਪ੍ਰੈਲ ,(ਪਤਰ ਪ੍ਰੇਰਕ,) ਬੀਤੀ ਰਾਤ ਸਥਾਨਕ ਰਾਮਗੜ੍ਹੀਆ ਬਜ਼ਾਰ ਵਿੱਚ ਇਕ ਕਪੜੇ ਦੀ ਦੁਕਾਨ ਅਰੌੜਾ ਕਲਾਥ ਹਾਉਸ ਵਿੱਚ ਅਚਾਨਕ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਕਪੜਾ ਸੜ ਕੇ ਸੁਆਹ ਹੋ ਗਿਆ ਹੈ। ਮੌਕੇ ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਪਹੁੰਚ ਜਾਣ ਕਾਰਨ ਇਰਦ ਗਿਰਦ ਦੀਆਂ ਦੁਕਾਨਾਂ ਸੜਨ ਤੋਂ ਬਚਾਅ ਹੋ ਗਿਆ ਹੈ। ਇਸ ਸਬੰਧੀ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਦੁਕਾਨ ਦੇ ਮਾਲਕ ਗੁਰਪ੍ਰੀਤ ਅਰੋੜਾ ਨੇ ਦੱਸਿਆ ਕਿ ਬੀਤੀ ਰਾਤ ਕਰੀਬ ਅੱਠ ਕੁਝ ਵਜੇ ਮੈਨੂੰ ਸਾਹਮਣੇ ਵਾਲੇ ਦੁਕਾਨਦਾਰ ਦਾ ਫੋਨ ਆਇਆ। ਉਸ ਨੇ ਦੱਸਿਆ ਕਿ ਤੁਹਾਡੀ ਦੁਕਾਨ ਦੇ ਅੰਦਰੋਂ ਬਹੁਤ ਧੂੰਆਂ ਨਿਕਲ ਰਿਹਾ ਹੈ ਛੇਤੀ ਦੁਕਾਨ ਤੇ ਆ ਜਾਉ। ਉਹਨਾਂ ਦੱਸਿਆ ਕਿ ਜਦੋਂ ਮੈਂ ਆਕੇ ਦੁਕਾਨ ਦਾ ਜਿੰਦਾ ਖੋਲਿਆ ਤਾਂ ਉਸੇ ਵਕਤ ਅਗ ਦੀਆਂ ਲਾਟਾਂ ਬਾਹਰ ਆਉਣ ਲੱਗੀਆਂ। ਕਿਸੇ ਵਿਅਕਤੀ ਨੇ ਫਾਇਰ ਬ੍ਰਿਗੇਡ ਨੂੰ ਇਸ ਘਟਨਾ ਸਬੰਧੀ ਪਹਿਲਾਂ ਹੀ ਜਾਣਕਾਰੀ ਦੇ ਦਿੱਤੀ ਸੀ। ਇਸ ਕਾਰਨ ਉਸੇ ਸਮੇਂ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਮੌਕੇ ਤੇ ਪਹੁੰਚ ਗਈਆਂ। ਬਜ਼ਾਰ ਦੇ ਦੁਕਾਨਦਾਰਾਂ ਅਤੇ ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਵਲੋਂ ਵਡੀ ਜਦੋਜਹਿਦ ਕਰਕੇ ਅਗ ਤੇ ਕਾਬੂ ਪਾਇਆ। ਦੁਕਾਨ ਮਾਲਕ ਨੇ ਦੱਸਿਆ ਕਿ ਮੈਂ ਰੋਜ਼ਾਨਾ ਬਿਜਲੀ ਦੀ ਮੇਨ ਸਵਿੱਚ ਕਟ ਕੇ ਦੁਕਾਨ ਬੰਦ ਕਰ ਕੇ ਘਰ ਜਾਂਦਾ ਹਾਂ। ਅਜ ਵੀ ਇਸੇ ਤਰ੍ਹਾਂ ਹੀ ਕੀਤਾ ਸੀ। ਉਹਨਾਂ ਦੱਸਿਆ ਕਿ ਦੁਕਾਨ ਸੜ ਜਾਣ ਕਾਰਨ ਕਰੀਬ ਤੀਹ ਲੱਖ ਦਾ ਨੁਕਸਾਨ ਹੋ ਗਿਆ ਹੈ। ਇਸ ਘਟਨਾ ਦਾ ਪਤਾ ਲੱਗਣ ਤੇ ਅੱਜ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਸਾਥੀਆਂ ਸਮੇਤ ਘਟਨਾ ਸਥਾਨ ਦਾ ਦੌਰਾ ਕੀਤਾ। ਅਤੇ ਪੀੜਤ ਦੁਕਾਨਦਾਰ ਨਾਲ਼ ਗਲਬਾਤ ਕੀਤੀ। ਉਹਨਾਂ ਮੌਕੇ ਤੇ ਐਸ ਡੀ ਐਮ ਮੋਰਿੰਡਾ ਨੂੰ ਫੌਨ ਕਰਕੇ ਇਸ ਘਟਨਾ ਦੀ ਜਾਂਚ ਕਰਨ ਅਤੇ ਦੁਕਾਨਦਾਰ ਸੜਨ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਆਖਿਆ। ਇਸ ਦੌਰਾਨ ਉਘੇ ਸਮਾਜ ਸੇਵਕ ਡਾਕਟਰ ਨਿਰਮਲ ਧਿਮਾਨ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਅਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾਵੇ ਅਤੇ ਪੀੜਤ ਦੁਕਾਨਦਾਰ ਨੂੰ ਛੇਤੀ ਤੋਂ ਛੇਤੀ ਯੋਗ ਮੁਆਵਜ਼ਾ



ਦਿੱਤਾ ਜਾਵੇ।ਇਸ ਸਮੇਂ ਹੋਰਨਾਂ ਤੋਂ ਇਲਾਵਾ ਵਿਧਾਇਕ ਦੇ ਸਿਆਸੀ ਸਕੱਤਰ ਜਗਤਾਰ ਸਿੰਘ ਘੜੂੰਆਂ, ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ, ਆਮ ਆਦਮੀ ਪਾਰਟੀ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਨਵਦੀਪ ਸਿੰਘ ਟੋਨੀ, ਰਜਿੰਦਰ ਸਿੰਘ ਰਾਜਾ, ਸੁਰਜੀਤ ਕੁਮਾਰ,ਸੰਜੂ ਸੋਮਲ ਸਮੇਤ ਮਾਰਕੀਟ ਦੇ ਅਨੇਕਾਂ ਦੁਕਾਨਦਾਰ ਹਾਜ਼ਰ ਸਨ।

# ਬਾਬਾ ਫਰੀਦ ਸੰਸਥਾ ਦਾ ਸਿਲਾਈ ਮਸ਼ੀਨਾਂ ਨਾਲ ਕੀਤਾ ਸਨਮਾਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ- ਬਾਬਾ ਫਰੀਦ ਸੁਸਾਇਟੀ ਦੇ ਅਹੁਦੇਦਾਰਾਂ ਨੂੰ ਸਨਮਾਨਿਤ ਹੋਣ ਦਾ ਦ੍ਰਿਸ (ਜਗਸੀਰ ਸਿੰਘ)

ਲੌਂਗੋਵਾਲ,3 ਅਪ੍ਰੈਲ (ਜਗਸੀਰ ਸਿੰਘ)- ਇਲਾਕੇ ਦੀ ਪ੍ਰਸਿੱਧ ਬਾਬਾ ਫਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ ਨੂੰ ਆਲ ਇੰਡੀਆ ਪਿੰਗਲਵਾੜਾ ਸੋਸਾਇਟੀ ਦੀ ਬਰਾਂਚ ਸੰਗਰੂਰ ਸਿਲਵਰ ਜੁਬਲੀ ਸਮਾਰੋਹ ਵਿੱਚ ਪ੍ਰਬੰਧਕਾਂ ਵੱਲੋਂ 10 ਮਸ਼ੀਨਾਂ ਦੇ ਕੇ ਸੰਸਥਾ ਨੂੰ ਹੋਰ ਕੰਮ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਸੰਸਥਾ ਦੇ ਪ੍ਰਧਾਨ ਕਮਲਜੀਤ ਸਿੰਘ ਵਿੱਕੀ ਨੇ ਦੱਸਿਆ ਕਿ ਪਿੰਗਲਵਾੜਾ ਦੇ ਪ੍ਰਧਾਨ ਡਾ. ਇੰਦਰਜੀਤ ਕੌਰ ਨੇ ਬਾਬਾ ਫਰੀਦ ਸੰਸਥਾ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਸੋਸਾਇਟੀ ਨੂੰ ਮਨੁੱਖਤਾ ਦੀ ਭਲਾਈ ਲਈ ਹੋਰ ਵੀ ਵਧੇਰੇ ਕਾਰਜ ਕਰਨ ਦੀ ਪ੍ਰੇਰਨਾ ਦਿੱਤੀ, ਇਸ ਸਮਾਰੋਹ ਵਿੱਚ ਡਾ. ਮਨੋਜ਼ ਗੋਇਲ ਦੀ ਅਗਵਾਈ ਹੇਠ 60 ਲੜਕੀਆਂ ਨੇ ਪਿੰਗਲਵਾੜੇ ਦੀ ਸੇਵਾ ਕੀਤੀ ਸੀ। ਇਸ ਸਮੇਂ ਹਰਜੀਤ ਸਿੰਘ ਅਰੋੜਾ, ਭੋਲਾ ਸਿੰਘ ਸੰਗਰਾਮੀ, ਬਲਵੰਤ ਸਿੰਘ ਬੀਟਾ, ਰੇਨੂ , ਕਾਜਲ, ਸੁਰਿੰਦਰ ਪਾਲ ਸਿਦਕੀ, ਸਤਪਾਲ ਸ਼ਰਮਾ ਆਦਿ ਮੌਜੂਦ ਸਨ ।

# ਸ੍ਰੀਮਤੀ ਨੀਰਜ ਰਾਣੀ ਨੇ ਸਰਕਾਰੀ ਸਕੂਲ ਕਿਲਾ ਭਰੀਆਂ ਦੇ ਮੁੱਖ ਅਧਿਆਪਕਾ ਵੱਜੋਂ ਅਹੁਦਾ ਸੰਭਾਲਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ,3 ਅਪ੍ਰੈਲ (ਜਗਸੀਰ ਸਿੰਘ )- ਪੰਜਾਬ ਸਰਕਾਰ ਵੱਲੋਂ ਕੀਤੀਆਂ ਪਦ -ਉਨਤੀਆਂ ਦੇ ਤਹਿਤ ਮੁੱਖ ਅਧਿਆਪਕਾ ਸ੍ਰੀਮਤੀ ਨੀਰਜ ਰਾਣੀ ਨੇ ਸਰਕਾਰੀ ਹਾਈ ਸਕੂਲ ਕਿਲਾ ਭਰੀਆਂ ਸੰਗਰੂਰ ਦੇ ਮੁੱਖ ਅਧਿਆਪਕਾ ਵੱਜੋਂ ਅਹੁਦਾ ਸੰਭਾਲ਼ ਲਿਆ ਹੈ ਇਸ ਮੌਕੇ ਸਮੂਹ ਸਕੂਲ ਸਟਾਫ਼ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਕੂਲ ਇੰਚਾਰਜ ਸ੍ਰੀਮਤੀ ਮੀਨਾ ਗਰਗ ਨੇ ਮੁੱਖ ਅਧਿਆਪਕਾ ਨੂੰ “ਜੀ ਆਇਆਂ ਨੂੰ” ਆਖਿਆ। ਉਨ੍ਹਾਂ ਨੇ ਸਾਰੇ ਸਟਾਫ਼ ਵੱਲੋਂ ਵਿਸ਼ਵਾਸ਼ ਦੁਆਇਆ ਕਿ ਉਹ ਪੂਰਨ ਸਹਿਯੋਗ ਦੇਣਗੇ ਅਤੇ ਬੱਚਿਆਂ ਦੇ ਸਰਵਪੱਖੀ ਵਿਕਾਸ ‘ਚ ਕੋਈ ਕਮੀਂ ਨਹੀਂ ਛੱਡਣਗੇ।ਸਕੂਲ ਨੂੰ ਇਲਾਕੇ ਦਾ ਹਰ ਪੱਖੋਂ ਮੋਹਰੀ ਸਕੂਲ ਬਣਾਉਣ ਵਾਸਤੇ ਸਖ਼ਤ ਮਿਹਨਤ ਕਰਨਗੇ।ਇਸ ਸਮੇਂ ਸਟਾਫ਼ ਸ੍ਰੀਮਤੀ ਮਨਜੀਤ ਕੌਰ,ਸ੍ਰੀਮਤੀ ਰਜਿੰਦਰ ਕੌਰ,ਸ੍ਰੀਮਤੀ ਬਲਵਿੰਦਰ ਕੌਰ,ਸ ਜਤਿੰਦਰ ਸਿੰਘ,ਸ ਹਰਪ੍ਰੀਤ ਸਿੰਘ,ਸ ਜਸਵਿੰਦਰ ਸਿੰਘ ਹਾਜ਼ਰ ਸਨ।

# ਜ਼ਰਾ ਬਚ ਕੇ ਫਾਸਟ ਫੂਡ ਤੋਂ ! ਸਿਹਤ ਦਾ ਹੈ ਇਹ ਖ਼ਤਰਨਾਕ ਦੁਸ਼ਮਣ : ਸਿਵਲ ਸਰਜਨ ਡਾ ਪਵਨ ਕੁਮਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 3 ਅਪ੍ਰੈਲ (ਤਰਸੇਮ ਦੀਵਾਨਾ )

ਇਹ ਗ਼ਲਤ ਨਹੀਂ ਹੋਵੇਗਾ ਕਿ ਅੱਜ ਜੋ ਮਹੱਤਵ ਸਿਹਤ ਨੂੰ ਦਿੱਤਾ ਜਾਣਾ ਚਾਹੀਦਾ ਹੈ, ਉਹ ਸਵਾਦ ਨੂੰ ਦਿੱਤਾ ਜਾ ਰਿਹਾ ਹੈ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਫਾਸਟ ਫੂਡ ਖਾਣਾ ਹੀ ਫ਼ੈਸ਼ਨ ਹੋ ਗਿਆ ਹੈ ਤੇ ਇਹ ਫੈਸ਼ਨ ਮਨੁੱਖ ਜਾਤੀ ਦੇ ਭਵਿੱਖ ਅੱਗੇ ਵੱਡਾ ਸਵਾਲ ਖੜ੍ਹਾ ਕਰ ਰਿਹਾ ਹੈ।

ਇਸ ਨੂੰ ਦੇਖਦੇ ਹੋਏ ਸਿਵਲ ਸਰਜਨ ਡਾ ਪਵਨ ਕੁਮਾਰ ਸ਼ਗੋਤਰਾ ਨੇ ਐਡਵਾਇਜ਼ਰੀ ਜਾਰੀ ਕਰਦੇ ਹੋਏ ਕਿਹਾ ਕਿ ਅੱਜ ਸਾਡੇ ਖਾਣ-ਪੀਣ ਵਿਚ ਫਾਸਟ ਫੂਡ ਜਾਂ ਜੰਕ ਫੂਡ ਨੇ ਬਹੁਤ ਵੱਡੀ ਜਗ੍ਹਾ ਬਣਾ ਲਈ ਹੈ। ਇਥੋਂ ਤੱਕ ਕਿ ਵੱਖ-ਵੱਖ ਮੌਕਿਆਂ ਤੇ ਲਾਏ ਜਾ ਰਹੇ ਲੰਗਰਾਂ ਵਿੱਚ ਵੀ ਫਾਸਟ ਫੂਡ ਦੇ ਸਟਾਲ ਲਗਾਏ ਜਾ ਰਹੇ ਹਨ। ਕਈ ਵਾਰ ਲੰਗਰਾਂ ਵਿੱਚ ਵੀ ਸਾਫ ਸਫਾਈ ਦਾ ਧਿਆਨ ਨਹੀਂ ਰੱਖਿਆ ਜਾਂਦਾ ਜਿਸ ਕਰਕੇ ਵੱਡੀ ਗਿਣਤੀ ਵਿੱਚ ਲੋਕਾਂ ਦੇ ਬੀਮਾਰ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।

ਸਿਵਲ ਸਰਜਨ ਨੇ ਦੱਸਿਆ ਕਿ ਜੇ ਅਸੀਂ ਅਜਿਹੇ ਭੋਜਨ ਪਦਾਰਥਾਂ ਦੀ ਬਜਾਏ ਸਾਦੇ ਖਾਣੇ ਨੂੰ ਪਹਿਲ ਦੇਵਾਂਗੇ ਤਾਂ ਸਾਡੀ ਸਿਹਤ ਤੰਦਰੁਸਤ ਰਹਿ ਸਕਦੀ ਹੈ। ਜੰਕ ਫੂਡ ਵਿੱਚ ਕੋਈ ਵੀ ਵਿਟਾਮਿਨਜ਼ ਅਤੇ ਪੌਸ਼ਟਿਕ ਤੱਤ ਬਚਿਆ ਨਹੀਂ ਰਹਿੰਦਾ। ਇਸ ਸਬੰਧੀ ਜ਼ਰਾ ਗੌਰ ਕੀਤਾ ਜਾਵੇ ਤਾਂ ਇਹ ਫਾਸਟ ਫੂਡ ਸਾਡੇ ਸਰੀਰ ਲਈ ਫਾਇਦੇਮੰਦ ਨਹੀਂ ਆਖਿਆ ਜਾ ਸਕਦਾ ਅਤੇ ਇਹ ਸਾਡੇ ਸਰੀਰ ਲਈ ਬਹੁਤ ‘ਫਾਸਟ’ ਤਰੀਕੇ ਨਾਲ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਉਹਨਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਤੰਦਰੁਸਤ ਰਹਿਣ ਲਈ ਅਜਿਹੇ ਭੋਜਨ ਨੂੰ ਬਹੁਤ ਹੀ ਘੱਟ ਪਹਿਲ ਦੇਣੀ ਚਾਹੀਦੀ ਹੈ ਤੇ ਇਸ ਨੂੰ ਸੁਆਦ ਸੁਆਦ ਵਿੱਚ, ਨਾ ਤਾਂ ਜ਼ਿਆਦਾ ਖਾਣਾ ਚਾਹੀਦਾ ਹੈ ਅਤੇ ਨਾ ਹੀ ਰੋਜ਼ਾਨਾ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਾਦਾ ਭੋਜਨ ਹੀ ਖਾਧਾ ਜਾਵੇ। ਉਹਨਾਂ ਲੰਗਰ ਲਗਾਉਣ ਵਾਲਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਲੰਗਰਾਂ ਵਿੱਚ ਵੀ ਫਾਸਟ ਫੂਡ ਦਾ ਲੰਗਰ ਲਗਾਉਣ ਤੋਂ ਤੋਂ ਪਰਹੇਜ ਕਰਨ ਅਤੇ ਲੰਗਰ ਬਣਾਉਣ ਸਮੇਂ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ।



ਡਾ ਪਵਨ ਨੇ ਅਪੀਲ ਕਰਦਿਆਂ ਆਮ ਲੋਕਾਂ ਨੂੰ ਇਹ ਵੀ ਕਿਹਾ ਕਿ ਜੇਕਰ ਉਹਨਾਂ ਨੂੰ ਅਜਿਹਾ ਪਤਾ ਲਗਦਾ ਹੈ ਕਿ ਫਾਸਟ ਫੂਡ ਜਾਂ ਹੋਰ ਖਾਧ ਪਦਾਰਥ ਵੇਚਣ ਵਾਲਿਆਂ ਵੱਲੋਂ ਜਾਂ ਲੰਗਰ ਬਣਾਉਣ ਸਮੇਂ ਸਾਫ ਸਫਾਈ ਨਹੀ ਰੱਖੀ ਜਾ ਰਹੀ ਤਾਂ ਉਹਨਾਂ ਬਾਰੇ ਦਫਤਰ ਸਿਵਲ ਸਰਜਨ ਵਿਖੇ ਜਿਲਾ ਸਿਹਤ ਅਫਸਰ ਜਾਂ ਫੂਡ ਸੇਫਟੀ ਟੀਮ ਨਾਲ ਸੰਪਰਕ ਕੀਤਾ ਜਾਵੇ। ਜਿਸ ਉੱਤੇ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

# ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਐੱਨ.ਐੱਸ.ਐੱਸ.ਦਾ ਸੱਤ ਰੋਜ਼ਾ ਕੈਂਪ ਜਾਰੀ

## -ਕੈਂਪਸ ਨੇੜਲੇ ਪਿੰਡ ਸ਼ੇਖਪੁਰਾ ਅਤੇ ਦੌਣ ਕਲਾਂ ਵਿਖੇ ਵੀ ਕਰਵਾਈਆਂ ਗਈਆਂ ਵੱਖ-ਵੱਖ ਗਤੀਵਿਧੀਆਂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



ਬਠਿੰਡਾ/ਪਟਿਆਲਾ, 3 ਅਪ੍ਰੈਲ (ਅੰਗਰੇਜ ਸਿੰਘ ਵਿੱਕੀ)-ਪੰਜਾਬੀ ਯੂਨੀਵਰਸਿਟੀ ਦੇ ਐੱਨ. ਐੱਸ.ਐੱਸ. ਵਿਭਾਗ ਵੱਲੋਂ ਯੂਨੀਵਰਸਿਟੀ ਕੈਂਪਸ ਦੇ ਵੱਖ-ਵੱਖ ਯੂਨਿਟਾਂ ਦਾ ਸੱਤ ਰੋਜ਼ਾ ਕੈਂਪ ਲਗਾਇਆ ਜਾ ਰਿਹਾ ਹੈ।ਪ੍ਰੋਗਰਾਮ ਕੋਆਰਡੀਨੇਟਰ ਡਾ.ਅਨਹਦ ਸਿੰਘ ਗਿੱਲ ਨੇ ਦੱਸਿਆ ਕਿ 30 ਮਾਰਚ ਤੋ 05 ਅਪ੍ਰੈਲ 2025 ਤੱਕ ਲਗਾਏ ਜਾ ਰਹੇ ਇਸ ਕੈਂਪ ਵਿੱਚ 100 ਵਲੰਟੀਅਰ ਭਾਗ ਲੈ ਰਹੇ ਹਨ। ਯੂਨੀਵਰਸਿਟੀ ਕੈਂਪਸ ਦੇ ਪ੍ਰੋਗਰਾਮ ਅਫ਼ਸਰ ਡਾ.ਸਿਮਰਨਜੀਤ ਸਿੰਘ, ਡਾ.ਸੰਦੀਪ ਸਿੰਘ, ਡਾ.ਅਭਿਨਵ ਭੰਡਾਰੀ ਅਤੇ ਡਾ.ਸੁਨੀਤਾ ਦੀ ਅਗਵਾਈ ਵਿੱਚ ਲਗਾਏ ਜਾ ਰਹੇ ਇਸ ਕੈਂਪ ਦੌਰਾਨ ਕਰਵਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਵਾਤਾਵਰਣ ਜਾਗਰੂਕਤਾ ਸਬੰਧੀ ਪੋਸਟਰ ਪ੍ਰਤੀਯੋਗਤਾ, ਰੈਲੀ, ਨਸ਼ਿਆਂ ਦੇ ਖ਼ਿਲਾਫ਼ ਜਾਗਰੂਕਤਾ, ਵੇਸਟ ਮੈਨੇਜਮੈਂਟ, ਵੱਖ-ਵੱਖ ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਆਦਿ ਸ਼ਾਮਿਲ ਹਨ। ਕੈਂਪਸ ਨੇੜਲੇ ਪਿੰਡ ਸ਼ੇਖਪੁਰਾ ਅਤੇ ਦੌਣ ਕਲਾਂ ਵਿਖੇ ਵੀ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਨ੍ਹਾਂ ਪਿੰਡਾਂ ਵਿੱਚ ਸਾਫ਼ ਸਫ਼ਾਈ ਕੀਤੀ ਗਈ, ਪੌਦੇ ਲਗਾਏ ਗਏ ਨਸ਼ਿਆਂ ਅਤੇ ਵਾਤਾਵਰਣ ਜਾਗਰੂਕਤਾ ਦੇ ਵਿਸ਼ੇ ਉੱਤੇ ਰੈਲੀ ਵੀ ਕੱਢੀ ਗਈ। ਕੈਂਪ ਦੌਰਾਨ ਪ੍ਰੋ. ਮਮਤਾ ਸ਼ਰਮਾ ਅਤੇ ‘ਰੀਪ ਬੈਨਿਫਿਟ ਫਾਊਂਡੇਸ਼ਨ’ ਤੋਂ ਨਵਨੀਤ ਕੌਰ ਵੱਲੋਂ ਭਾਸ਼ਣ ਦਿੱਤੇ ਗਏ। ਨਵਨੀਤ ਕੌਰ ਵੱਲੋਂ ਸ਼ਖ਼ਸੀਅਤ ਵਿਕਾਸ ਬਾਰੇ ਵੱਖ-ਵੱਖ ਪਹਿਲੂਆਂ ਸਬੰਧੀ ਜਣਕਾਰੀ ਦਿੱਤੀ ਗਈ।

# ਪਦਮ ਸ਼੍ਰੀ ਡਾ. ਬਰਜਿੰਦਰ ਸਿੰਘ ਹਮਦਰਦ ਨੇ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਵਿਖੇ ਕੀਤੀ ਸ਼ਿਰਕਤ

## ਸੰਤ ਜੀ ਨੇ ਧਾਰਮਿਕ ਵਿੱਦਿਆ ਦੇ ਨਾਲ ਨਾਲ ਦੁਨਿਆਵੀ ਵਿਦਿਆ ਨੂੰ ਵੀ ਪ੍ਰਫੁੱਲਿਤ ਕੀਤਾ -ਡਾ. ਹਮਦਰਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



ਮਸਤੂਆਣਾ ਸਾਹਿਬ, 3 ਅਪ੍ਰੈਲ (ਜਗਸੀਰ ਸਿੰਘ)

ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਵਿਖੇ ਸੰਖੇਪ ਤੇ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਅਜੀਤ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਪਦਮ ਸ਼੍ਰੀ ਡਾਕਟਰ ਬਰਜਿੰਦਰ ਸਿੰਘ ਹਮਦਰਦ ਜੀ ਨੇ ਸ਼ਿਰਕਤ ਕੀਤੀ। ਇਸ ਮੌਕੇ ਉਹਨਾਂ ਨਾਲ ਉਹਨਾਂ ਦੇ ਧਰਮ ਸੁਪਤਨੀ ਸ੍ਰੀਮਤੀ ਸਰਬਜੀਤ ਕੌਰ ਹਮਦਰਦ, ਅਜੀਤ ਉਪ ਦਫ਼ਤਰ ਸੰਗਰੂਰ ਦੇ ਇੰਚਾਰਜ ਸੁਖਵਿੰਦਰ ਸਿੰਘ ਫੁੱਲ ਅਤੇ ਸਟਾਫ ਰਿਪੋਰਟਰ ਅਮਨਦੀਪ ਸਿੰਘ ਬਿੱਟਾ ਨੇ ਵੀ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਦੀ ਪ੍ਰਿੰਸੀਪਲ ਡਾਕਟਰ ਅਮਨਦੀਪ ਕੌਰ ਦੀ ਅਗਵਾਈ ਵਿੱਚ ਸਮੂਹ ਸਟਾਫ ਵੱਲੋਂ ਡਾਕਟਰ ਬਰਜਿੰਦਰ ਸਿੰਘ ਹਮਦਰਦ ਅਤੇ ਉਨਾਂ ਦੀ ਪਤਨੀ ਦਾ ਮਸਤੂਆਣਾ ਸਾਹਿਬ ਵਿਖੇ ਪਹੁੰਚਣ ਤੇ ਗੁਲਦਸਤੇ ਭੇਟ ਕਰਕੇ ਭਰਵਾਂ ਸਵਾਗਤ ਕੀਤਾ ਗਿਆ। ਡਾਕਟਰ ਹਮਦਰਦ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਰੂ-ਬ-ਰੂ ਹੁੰਦਿਆਂ ਜਿੱਥੇ ਸਾਂਝੇ ਪੰਜਾਬ ਅਤੇ ਸਮਕਾਲ ਵਿੱਚ ਪੰਜਾਬ ਦੀ ਸਥਿਤੀ ਦੀ ਤੁਲਨਾਤਮਕ ਤਸਵੀਰ ਵਿਦਿਆਰਥੀਆਂ ਨਾਲ ਸਾਂਝੀ ਕੀਤੀ, ਉੱਥੇ ਹੀ ਸੰਤ ਅਤਰ ਸਿੰਘ ਜੀ ਮਹਾਰਾਜ ਵੱਲੋਂ ਵਿੱਦਿਆ ਦੇ ਖੇਤਰ ਵਿੱਚ ਕੀਤੇ ਗਏ ਮਹਾਨ ਕਾਰਜਾਂ ਤੋਂ ਸੇਧ ਲੈਣ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਤ ਜੀ ਵੱਲੋਂ ਪਾਏ ਪੂਰਨਿਆਂ ਤੇ ਚੱਲ ਕੇ ਇੱਕ ਨਰੋਏ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ । ਇਸ ਤੋਂ ਪਹਿਲਾਂ ਡਾਕਟਰ ਹਮਦਰਦ, ਉਹਨਾਂ ਦੀ ਧਰਮਪਤਨੀ ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ ਦੇ ਸਕੱਤਰ ਜਸਵੰਤ ਸਿੰਘ ਖਹਿਰਾ ਵੱਲੋਂ ਆਪਣੇ ਸਵਾਗਤੀ ਭਾਸ਼ਣ ਵਿੱਚ ਮਸਤੂਆਣਾ ਸਾਹਿਬ ਵਿਖੇ ਚੱਲ ਰਹੇ ਵਿੱਦਿਅਕ ਅਦਾਰਿਆਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਸੰਤ ਜੀ ਮਹਾਰਾਜ ਵੱਲੋਂ ਲਗਭਗ ਸਵਾ ਸੌ ਪਹਿਲਾਂ ਮਾਲਵੇ ਦੇ ਇਸ ਖਿੱਤੇ ਵਿੱਚ ਧਾਰਮਿਕ ਵਿੱਦਿਆ ਦੇ ਨਾਲ ਨਾਲ ਅਕਾਦਮਿਕ ਸਿੱਖਿਆ, ਖਾਸ ਕਰਕੇ ਲੜਕੀਆਂ ਦੀ ਸਿੱਖਿਆ ਦੇ ਕੀਤੇ ਗਏ ਪ੍ਰਬੰਧਾਂ ਬਾਰੇ ਆਏ ਮਹਿਮਾਨਾਂ ਨੂੰ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਅਕਾਲ ਧਰਮ ਪ੍ਰਚਾਰ ਕਮੇਟੀ ਮਸਤੂਆਣਾ ਸਾਹਿਬ ਦੇ ਇੰਚਾਰਜ ਭਾਈ ਸਤਨਾਮ ਸਿੰਘ ਦਮਦਮੀ ਨੇ ਡਾ. ਹਮਦਰਦ ਵੱਲੋਂ ਕਾਲਜ ਦੇ ਲੋੜਵੰਦ ਵਿਦਿਆਰਥੀਆਂ ਦੀ ਕੀਤੀ ਗਈ ਆਰਥਿਕ ਮਦਦ ਲਈ ਉਹਨਾਂ ਦਾ ਧੰਨਵਾਦ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਕੌਰ ਵੱਲੋਂ ਜਿੱਥੇ ਸੰਤ ਬਾਬਾ ਅਤਰ ਸਿੰਘ ਜੀ ਵੱਲੋਂ ਵਿਦਿਆ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ, ਉੱਥੇ ਉਹਨਾਂ ਕਾਲਜ ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਡਾ. ਹਰਜਿੰਦਰ ਸਿੰਘ ਵੱਲੋਂ ਬਾਖ਼ੂਬੀ ਨਿਭਾਉਣ ਉਪਰੰਤ ਅਕਾਲ ਕਾਲਜ ਕੌਂਸਲ ਅਤੇ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਦੇ ਸਮੂਹ ਪ੍ਰਬੰਧਕਾਂ ਵੱਲੋਂ ਡਾਕਟਰ ਬਰਜਿੰਦਰ ਸਿੰਘ ਹਮਦਰਦ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਸਰਬਜੀਤ ਕੌਰ ਹਮਦਰਦ ਦਾ ਵਿਸ਼ੇਸ਼ ਤੌਰ ਤੇ ਲੋਈ, ਸ਼ਾਲ, ਸੰਤ ਅਤਰ ਸਿੰਘ ਦੇ ਜੀਵਨ ਸਬੰਧੀ ਪੁਸਤਕ ਅਤੇ ਸੰਤਾਂ ਦੀ ਤਸਵੀਰ ਯਾਦਗਾਰੀ ਚਿੰਨ੍ਹ ਵਜੋਂ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਇਰੈਕਟਰ ਡਾ. ਗੁਰਬੀਰ ਸਿੰਘ ਸੋਹੀ, ਡਾਇਰੈਕਟਰ ਡਾ. ਅਮਰਜੀਤ ਸਿੰਘ, ਡਾਇਰੈਕਟਰ ਡਾ. ਮੇਜਰ ਸਿੰਘ, ਡਾ. ਨਿਰਪਜੀਤ ਸਿੰਘ, ਡਾ. ਸਾਰਿਕਾ ਜੈਨ, ਪ੍ਰੋ. ਮਨਪ੍ਰੀਤ ਸਿੰਘ ਗਿੱਲ ਸਮੇਤ ਵੱਡੀ ਗਿਣਤੀ ਵਿੱਚ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਪੰਜਾਬੀ ਯੂਨੀਵਰਸਿਟੀ ਦੇ ਮਨੋਵਿਗਿਆਨ ਵਿਭਾਗ ਵਿਖੇ ਕਰਵਾਇਆ ਵਿਸ਼ੇਸ਼ ਭਾਸ਼ਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਬਠਿੰਡਾ/ਪਟਿਆਲਾ, 3 ਅਪ੍ਰੈਲ (ਅੰਗਰੇਜ ਸਿੰਘ ਵਿੱਕੀ)-ਪੰਜਾਬੀ ਯੂਨੀਵਰਸਿਟੀ ਦੇ ਮਨੋਵਿਗਿਆਨ ਵਿਭਾਗ ਵੱਲੋਂ ਆਧੁਨਿਕ ਤਰੱਕੀ ਅਤੇ ਮਨੁੱਖੀ ਮਨ ਦੇ ਹਵਾਲੇ ਨਾਲ ਡਾ.ਨਵਦੀਪ ਸਿੰਘ ਅਸੀਜਾ ਦਾ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ ਜਿਸ ਵਿੱਚ ਵਾਤਾਵਰਣ ਸੰਬੰਧੀ ਵਿਚਾਰਾਂ ਦੀ ਮਹੱਤਤਾ ਅਤੇ ਮਨੁੱਖਤਾ ਦੀ ਭਲਾਈ ਬਾਰੇ ਵਿਚਾਰ ਪ੍ਰਗਟ ਕੀਤੇ ਗਏ।ਡਾ. ਨਵਦੀਪ ਅਸੀਜਾ ਨੇ ਆਪਣੇ ਇਸ ਭਾਸ਼ਣ ਦੌਰਾਨ ਚਰਚਾ ਕੀਤੀ ਕਿ ਕਿਵੇਂ ਆਵਾਜਾਈ, ਬੁਨਿਆਦੀ ਢਾਂਚਾ ਅਤੇ ਵਾਤਾਵਰਣਕ ਕਾਰਕ ਮਿਲ ਕੇ ਮਨੁੱਖੀ ਮਨ ਦੇ ਤਣਾਅ ਵਿੱਚ ਯੋਗਦਾਨ ਪਾਉਂਦੇ ਹਨ, ਜਦੋਂ




ਕਿ ਸੰਗੀਤ ਅਤੇ ਕੁਦਰਤ ਮਨ ਦੀ ਇੱਕ ਆਰਾਮਦਾਇਕ ਸਥਿਤੀ ਬਣਾਉਣ ਵਿੱਚ ਮਦਦ ਕਰਦੇ ਹਨ। ਉਨ੍ਹਾਂ ਈਕੋ ਥੈਰੇਪੀ ਦੀ ਧਾਰਨਾ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅੱਜ ਦੇ ਦੌਰ ਵਿੱਚ ਗਲੀਆਂ ਦੇ ਸੜਕਾਂ ਵਿੱਚ ਬਦਲਣ ਨਾਲ ਦੁੱਖ ਦੀ ਗੱਲ ਇਹ ਵਾਪਰੀ ਹੈ ਕਿ ਇਸ ਸਥਿਤੀ ਨੇ ਮਨੁੱਖਾਂ ਦੇ ਆਪਸੀ ਤਾਲਮੇਲ ਨੂੰ ਘਟਾ ਦਿੱਤਾ ਹੈ ਅਤੇ ਵਿਅਕਤੀਆਂ ਦੀ ਮਨੋਵਿਗਿਆਨਕ ਤੰਦਰੁਸਤੀ ਨੂੰ ਢਾਹ ਲਾਈ ਹੈ। ਦਿੱਲੀ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਕਿਵੇਂ ਬੁਨਿਆਦੀ ਢਾਂਚੇ ਦੇ ਵਿਕਾਸ ਨੇ ਜਨਤਕ ਥਾਵਾਂ ਅਤੇ ਨਤੀਜੇ ਵਜੋਂ ਲੋਕਾਂ ਦੇ ਸਮਾਜਿਕ ਅਨੁਭਵ ਨੂੰ ਮਹੱਤਵਪੂਰਨ ਰੂਪ ਵਿੱਚ ਬਦਲ ਦਿੱਤਾ ਹੈ।ਉਨ੍ਹਾਂ ਪੁਰਾਣੀ ਦਿੱਲੀ ਦੀ ਸੱਭਿਆਚਾਰਕ ਅਮੀਰੀ ਦੀ ਤੁਲਨਾ ਨਵੀਂ ਦਿੱਲੀ ਦੀ ਢਾਂਚਾਗਤ ਸ਼ਹਿਰੀ ਯੋਜਨਾਬੰਦੀ ਨਾਲ ਕਰਦਿਆਂ ਵੱਖ-ਵੱਖ ਨੁਕਤੇ ਸਾਂਝੇ ਕੀਤੇ ਅਤੇ ਵਿਸ਼ਵਵਿਆਪੀ ਉਦਾਹਰਣਾਂ ਦਾ ਹਵਾਲਾ ਦਿੱਤਾ।ਉਨ੍ਹਾਂ ਕਿਹਾ ਕਿ ਸਾਡਾ ਵਾਤਾਵਰਣ ਸਿਰਫ਼ ਉਹੀ ਨਹੀਂ ਹੈ ਜੋ ਅਸੀਂ ਦੇਖਦੇ ਹਾਂ; ਇਹ ਉਹੀ ਹੈ ਜੋ ਅਸੀਂ ਮਹਿਸੂਸ ਕਰਦੇ ਹਾਂ। ਹਰ ਟੋਆ, ਮਾਨਸਿਕਤਾ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਕਿ ਅਸੀਂ ਸੜਕਾਂ ਬਣਾਉਂਦੇ ਹਾਂ, ਆਓ ਮਨਾਂ ਦਾ ਨਿਰਮਾਣ ਵੀ ਕਰੀਏ।ਇਸ ਤੋਂ ਪਹਿਲਾਂ ਪ੍ਰੋਗਰਾਮ ਕਨਵੀਨਰ ਡਾ.ਇੰਦਰਪ੍ਰੀਤ ਸੰਧੂ ਨੇ ਵਿਸ਼ੇ ਬਾਰੇ ਜਾਣ-ਪਹਿਚਾਣ ਕਰਵਾਉਂਦਿਆਂ ਟਿਕਾਊ ਵਾਤਾਵਰਣ ਪ੍ਰਣਾਲੀਆਂ ਦੇ ਵਿਕਾਸ ਵਿੱਚ ਵਾਤਾਵਰਣ ਮਨੋਵਿਗਿਆਨੀ ਦੀ ਭੂਮਿਕਾ ਦੀ ਮਹੱਤਤਾ 'ਤੇ ਚਾਨਣਾ ਪਾਇਆ।ਵਿਭਾਗ ਮੁਖੀ ਪ੍ਰੋ. ਦਮਨਜੀਤ ਸੰਧੂ ਨੇ ਆਪਣੇ ਧੰਨਵਾਦੀ ਭਾਸ਼ਣ ਦੌਰਾਨ ਕਿਹਾ ਕਿ ਇਸ ਚਰਚਾ ਨੇ ਸਿਵਲ ਇੰਜੀਨੀਅਰਿੰਗ ਅਤੇ ਮਨੋਵਿਗਿਆਨ ਦੇ ਅੰਤਰ-ਅਨੁਸ਼ਾਸਨੀ ਅਧਿਐਨਾਂ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

# 'ਬਾਲ ਵਿਆਹ' ਬਾਲੜੀਆਂ ਦੇ ਵਿਕਾਸ ਲਈ ਘਾਤਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਬਡਬਰ,3 ਅਪ੍ਰੈਲ (ਜਗਸੀਰ ਸਿੰਘ)- ਮਾਨਯੋਗ ਡਿਪਟੀ ਕਮਿਸ਼ਨਰ ਸ਼੍ਰੀ. ਟੀ.ਬੈਨਿਥ ਦੀ ਰਹਿਨੁਮਾਈ, ਜ਼ਿਲ੍ਹਾ ਸਿੱਖਿਆ ਅਫਸਰ ਇੰਦੂ ਸਿਮਕ ਤੇ ਉੱਪ- ਜ਼ਿਲ੍ਹਾ ਸਿੱਖਿਆ ਅਫਸਰ ਡਾ.ਬਰਜਿੰਦਰਪਾਲ ਸਿੰਘ ਦੀ ਅਗਵਾਈ ਹੇਠ ਸਕੂਲ ਇੰਚਾਰਜ ਰੁਪਿੰਦਰਜੀਤ ਕੌਰ ਦੀ ਸਰਪ੍ਰਸਤੀ ਹੇਠ 'ਬਾਲ ਵਿਆਹ 'ਬੁਰਾਈ ਦੇ ਰੂਪ ਵਿੱਚ ਵਿਸ਼ੇ ਉੱਪਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਹੋਇਆਂ ਮਾਸਟਰ ਅਵਨੀਸ਼ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀ ਵਰਗ ਨੂੰ ਬਾਲ ਵਿਆਹ ਦੀਆਂ ਬੁਰਾਈਆਂ ਸੰਬੰਧੀ ਜਾਣਕਾਰੀ ਦਿੱਤੀ ਗਈ



ਹੈ ਉਹਨਾਂ ਕਿਹਾ ਕਿ ਇਸ ਨਾਲ ਸਰੀਰਕ, ਮਾਨਸਿਕ , ਮਨੋਵਿਗਿਆਨਕ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆਉਂਦੀਆਂ ਹਨ। ਇਸ ਸੈਮੀਨਾਰ ਦੌਰਾਨ ਬੁਲਾਰੇ ਮਾਸਟਰ ਅਵਨੀਸ਼ ਕੁਮਾਰ ਨੇ ਬਾਲੜੀਆਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਲੜਕੀਆਂ ਲਈ ਸਰਕਾਰ ਵੱਲੋਂ ਵਿਆਹ ਲਈ ਉਮਰ 18 ਸਾਲ ਅਤੇ ਮੁੰਡਿਆਂ ਲਈ 21 ਸਾਲ ਨਿਸ਼ਚਿਤ ਕੀਤੀ ਹੈ। ਜੇਕਰ ਇਸ ਉਮਰ ਤੋਂ ਪਹਿਲਾਂ ਕੋਈ ਵਿਆਹ ਕਰਨ ਲਈ ਦਬਾਅ ਪਾਉਣ , ਇਸ ਭਾਗ ਲੈਣ ਜਾਂ ਇਸ ਨੂੰ ਵਧਾਉਂਦਾ ਤੇ ਕਾਨੂੰਨੀ ਤੌਰ ਤੇ ਸਜ਼ਾ ਦਾ ਭਾਗੀਦਾਰ ਹੋ ਸਕਦਾ ਹੈ, ਬਾਲ ਵਿਆਹ ਨੂੰ ਰੋਕਣ ਅਤੇ ਜਾਗਰੂਕਤਾ ਪੈਦਾ ਕਰਨ ਲਈ ਕਾਨੂੰਨੀ ਸਹਾਇਤਾ ਲਈ ਜਾ ਸਕਦੀ ਹੈ ਉਹਨਾਂ ਦੱਸਿਆ ਕਿ ਬਾਲ ਵਿਆਹ ਭਾਰਤ ਦੇ ਕੁਝ ਖੇਤਰਾਂ ਵਿੱਚ ਆਧੁਨਿਕ ਸਮੇਂ ਵਿੱਚ ਵੀ ਪਾਇਆ ਜਾਂਦਾ ਹੈ , ਸੀਨੀਅਰ ਮਾਸਟਰ ਰਿਸ਼ੀ ਕੁਮਾਰ ਨੇ ਕਿਹਾ ਕਿ ਬਾਲ ਵਿਆਹ ਨਾਲ ਬਾਲੜੀਆਂ ਦਾ ਵਿਕਾਸ ਰੁਕ ਜਾਂਦਾ ਹੈ, ਉਹਨਾ ਬਾਲ ਵਿਆਹ ਰੋਕ ਐਕਟ ਸਬੰਧੀ ਜਾਣਕਾਰੀ ਦਿੱਤੀ। ਸੈਮੀਨਾਰ ਦੌਰਾਨ ਸੀਨੀਅਰ ਮੈਡਮ ਪਰਮਜੀਤ ਕੌਰ ਨੇ ਕਿਹਾ ਇਸ ਬੁਰਾਈ ਨੂੰ ਖਤਮ ਕਰਨ ਲਈ ਜਾਗਰੂਕਤਾ ਪੈਦਾ ਕਰਨੀ ਹੋਵੇਗੀ, ਬਾਲੜੀਆਂ ਨੂੰ ਬਾਲ ਵਿਆਹ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ ,ਇਸ ਲਈ ਇਸ ਪ੍ਰਤੀ ਜਾਗਰੂਕ ਹੋਣ ਲਈ ਬਾਲੜੀਆਂ ਨੂੰ ਆਪਣੇ ਆਪ ਪਹਿਲ ਕਰਨੀ ਹੋਵੇਗੀ, ਭਾਵਨਾਵਾਂ ਵਿੱਚ ਲਏ ਗਲਤ ਫੈਸਲੇ ਵੀ ਬਾਲੜੀਆਂ ਲਈ ਦੁੱਖ ਦਾ ਕਾਰਨ ਬਣ ਸਕਦੇ ਹਨ ।ਇਸ ਮੌਕੇ ਮਾਸਟਰ ਅੰਤਰਜੀਤ ਸਿੰਘ ਨੇ ਨੋਡਲ ਟੀਮ ਵੱਲੋਂ ਕਾਰਜ ਕੀਤਾ,ਇਸ ਸਮੇਂ ਸੀਨੀਅਰ ਯਸ਼ਪਾਲ ਗੁਪਤਾ ਤੋਂ ਇਲਾਵਾ ਸਮੂਹ ਸਟਾਫ ਵਿਦਿਆਰਥੀ ਹਾਜ਼ਰ ਸਨ।

# "ਫੂਲ ਖੁਰਦ ਦੇ ਝੁੱਗੀ ਖੇਤਰਾਂ 'ਚ ਵੈਕਟਰ-ਜਨਿਤ ਬਿਮਾਰੀਆਂ ਵਿਰੁੱਧ ਜਾਗਰੂਕਤਾ ਅਤੇ ਫੌਗਿੰਗ ਮੁਹਿੰਮ"

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਰੂਪਨਗਰ,ਫੂਲ ਖੁਰਦ, 03 ਅਪਰੈਲ 2025: ਆਯੁਸ਼ਮਾਨ ਅਰੋਗਿਆ ਕੇਂਦਰ, ਫੂਲ ਖੁਰਦ ਦੀ ਪੈਰਾ-ਮੈਡੀਕਲ ਟੀਮ ਵੱਲੋਂ 03 ਅਪਰੈਲ 2025 ਨੂੰ ਝੁੱਗੀਆਂ ਖੇਤਰਾਂ ਵਿੱਚ ਵੈਕਟਰ-ਜਨਿਤ ਬਿਮਾਰੀਆਂ (ਮਲੇਰੀਆ, ਡੇਂਗੂ, ਚਿਕਨਗੁਨਿਆ ਆਦਿ) ਬਾਰੇ ਜਾਗਰੂਕਤਾ ਫੈਲਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ।

ਇਹ ਜਾਗਰੂਕਤਾ ਮੁਹਿੰਮ ਸੈਨਿਟਰੀ ਇੰਸਪੈਕਟਰ ਜਗਤਾਰ ਸਿੰਘ ਅਤੇ ਸਿਹਤ ਕਰਮਚਾਰੀ ਗੁਰਸ਼ਰਨ ਸਿੰਘ ਵੱਲੋਂ ਚਲਾਈ ਗਈ, ਜਿਸ ਤਹਿਤ ਇਲਾਕੇ ਦੇ ਨਿਵਾਸੀਆਂ ਨੂੰ ਜਾਣਕਾਰੀ ਦਿੱਤੀ ਗਈ ਕਿ ਕਿਵੇਂ ਇਹ ਬਿਮਾਰੀਆਂ



ਮੱਛਰਾਂ ਰਾਹੀਂ ਫੈਲਦੀਆਂ ਹਨ ਅਤੇ ਉਨ੍ਹਾਂ ਤੋਂ ਬਚਾਅ ਲਈ ਕੀ ਤਦਬੀਰਾਂ ਅਪਣਾਈਆਂ ਜਾਣ। ਲੋਕਾਂ ਨੂੰ ਆਪਣੇ ਘਰ ਅਤੇ ਆਸਪਾਸ ਦੇ ਇਲਾਕੇ ਨੂੰ ਸਾਫ-ਸੁਥਰਾ ਰੱਖਣ, ਖੜ੍ਹੇ ਪਾਣੀ ਨੂੰ ਨਾ ਇਕੱਠਾ ਹੋਣ ਦੇਣ, ਮੱਛਰਦਾਨੀਆਂ ਅਤੇ ਮੱਛਰਨਾਸ਼ਕ ਸਪ੍ਰੇ ਵਰਤਣ ਵਰਗੀਆਂ ਮਹੱਤਵਪੂਰਨ ਗੱਲਾਂ ਬਾਰੇ ਸਮਝਾਇਆ ਗਿਆ।

ਇਸ ਮੁਹਿੰਮ ਦੇ ਤਹਿਤ ਫੌਗਿੰਗ (Fogging) ਅਤੇ ਹੋਰ ਤਰੀਕਿਆਂ ਰਾਹੀਂ ਮੱਛਰ ਦੇ ਲਾਰਵਾ ਨੂੰ ਨਸ਼ਟ ਕਰਨ ਦੇ ਉਪਰਾਲੇ ਵੀ ਕੀਤੇ ਗਏ। ਪਾਣੀ ਖੜ੍ਹਾ ਰਹਿਣ ਵਾਲੀਆਂ ਥਾਵਾਂ 'ਤੇ ਐਂਟੀ ਲਾਰਵਾ ਦਵਾਈਆਂ ਛਿੜਕੀਆਂ ਗਈਆਂ, ਤਾਂ ਜੋ ਮੱਛਰਾਂ ਦੀ ਵਾਧੂ ਪੈਦਾਵਾਰ ਨੂੰ ਰੋਕਿਆ ਜਾ ਸਕੇ।

ਸੀਨੀਅਰ ਮੈਡੀਕਲ ਅਫ਼ਸਰ ਡਾ. ਆਨੰਦ ਘਈ ਨੇ ਕਿਹਾ, "ਵੈਕਟਰ-ਜਨਿਤ ਬਿਮਾਰੀਆਂ ਦੀ ਰੋਕਥਾਮ ਲਈ ਲੋਕਾਂ ਦੀ ਜਾਗਰੂਕਤਾ ਸਭ ਤੋਂ ਵੱਡਾ ਹਥਿਆਰ ਹੈ। ਇਹਦੇ ਨਾਲ-ਨਾਲ, ਸਰਕਾਰੀ ਤੇ ਸਿਹਤ ਵਿਭਾਗ ਵੱਲੋਂ ਲੜੀਵਾਰ ਉਪਰਾਲੇ ਜਿਵੇਂ ਕਿ ਫੌਗਿੰਗ, ਐਂਟੀ ਲਾਰਵਾ ਦਵਾਈਆਂ ਅਤੇ ਸਫਾਈ ਮੁਹਿੰਮਾਂ ਬਹੁਤ ਜ਼ਰੂਰੀ ਹਨ। ਇਹ ਮੁਹਿੰਮ ਲੋਕਾਂ ਦੀ ਭਲਾਈ ਵਾਸਤੇ ਇੱਕ ਸਰਾਹਣਯੋਗ ਕਦਮ ਹੈ।"

ਇਸ ਮੌਕੇ ਸਿਹਤ ਕਰਮਚਾਰੀ ਗੁਰਸ਼ਰਨ ਸਿੰਘ ਨੇ ਮੱਛਰ ਵਧਣ ਦੇ ਮੁੱਖ ਕਾਰਣਾਂ ਬਾਰੇ ਜਾਣਕਾਰੀ ਦਿੱਤੀ ਅਤੇ ਸਿਹਤ ਕਰਮਚਾਰੀ ਗੁਰਸ਼ਰਨ ਸਿੰਘ ਨੇ ਡੇਂਗੂ, ਮਲੇਰੀਆ ਅਤੇ ਹੋਰ ਵੈਕਟਰ-ਜਨਿਤ ਬਿਮਾਰੀਆਂ ਦੇ ਲੱਛਣ ਅਤੇ ਉਨ੍ਹਾਂ ਦੇ ਉਪਚਾਰ ਬਾਰੇ ਵਿਸ਼ਲੇਸ਼ਣ ਕੀਤਾ।

ਆਯੁਸ਼ਮਾਨ ਅਰੋਗਿਆ ਕੇਂਦਰ, ਫੂਲ ਖੁਰਦ ਵੱਲੋਂ ਇਹ ਮੁਹਿੰਮ ਆਉਣ ਵਾਲੇ ਹਫ਼ਤਿਆਂ ਵਿੱਚ ਵੀ ਜਾਰੀ ਰਹੇਗੀ, ਤਾਂ ਜੋ ਵਧ ਤੋਂ ਵਧ ਲੋਕ ਇਹ ਬਿਮਾਰੀਆਂ ਤੋਂ ਬਚ ਸਕਣ।

# ਪੀ.ਐੱਮ.ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸਰਦੂਲਗੜ੍ਹ ਵਿਖੇ ਸਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ/ਸਰਦੂਲਗੜ੍ਹ 3,ਅਪ੍ਰੈਲ (ਆਤਮਾ ਸਿੰਘ ਪਮਾਰ) ਪੀ.ਐੱਮ. ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਰਦੂਰਗੜ੍ਹ ਵਿਖੇ ਸ੍ਰੀ ਗੁਰਪ੍ਰੀਤ ਸਿੰਘ ਬਣਾਂਵਾਲੀ ਹਲਕਾ ਵਿਧਾਇਕ ਸਰਦੂਲਗੜ੍ਹ ਵੱਲੋਂ ਸਰਕਾਰੀ ਸੈਕੰਡਰੀ ਸਕੂਲ ਕੁ) ਵਿਖੇ ਨਵੀਂ ਬਣੀ ਸਾਇੰਸ ਲੈਬ ਦਾ ਉਦਘਾਟਨ ਕੀਤਾ ਗਿਆ। ਇਸ ਸਮੇਂ ਸਕੂਲ ਵਿਖੇ ਸਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਵੀ ਕੀਤਾ ਗਿਆ। ਸ੍ਰੀ ਰਾਜਪਾਲ ਸਿੰਘ ਲੈਕਚਰਾਰ ਕਮਰਸ ਨੇ ਸਕੂਲ ਦੀ ਸਲਾਨਾ ਰਿਪੋਰਟ ਪੜ੍ਹੀ। ਸਕੂਲ



ਪ੍ਰਿੰਸੀਪਲ ਦਿਲਪ੍ਰੀਤ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਧੰਨਵਾਦ ਵੀ ਕੀਤਾ। ਡਾ.ਪਰਮਜੀਤ ਸਿੰਘ ਭੋਗਲ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਲਣ ਵਾਲੀਆਂ ਸਹੂਲਤਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਦੀ ਮਹੱਤਤਾ ਬਾਰੇ ਵੀ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ। ਵਧੀਆ ਵਿੱਦਿਅਕ ਪ੍ਰਾਪਤੀਆਂ ਅਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਸ੍ਰੀ ਗੁਰਪ੍ਰੀਤ ਸਿੰਘ ਬਣਾਂਵਾਲੀ ਵਿਧਾਇਕ ਹਲਕਾ ਸਰਦੂਲਗੜ੍ਹ ਵੱਲੋਂ ਇਨਾਮ ਵੀ ਤਕਸੀਮ ਕੀਤੇ ਗਏ । ਸਕੂਲ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਪ੍ਰੋਗਰਾਮ ਸਮੇਂ ਮੰਚ ਸੰਚਾਲਨ ਦੀ ਭੂਮਿਕਾ ਸਾਇੰਸ ਮਿਸਟਰੈਸ ਹਰਲੀਨ ਕੌਰ ਅਤੇ ਪੰਜਾਬੀ ਮਾਸਟਰ ਗੁਰਤੇਜ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ।ਇਸ ਸਮੇਂ ਸਕੂਲ ਇੰਚਾਰਜ ਰਮਨਦੀਪ, ਵੀਨਾ ਰਾਣੀ,ਪ੍ਰੇਮ ਕੁਮਾਰ ਗਰਗ ਪ੍ਰਧਾਨ ਨਗਰ ਪੰਚਾਇਤ ਸਰਦੂਲਗੜ੍ਹ, ਪੰਕਜ ਗਰਗ ਟਾਟਾ, ਨਵਦੀਪ ਸ਼ਰਮਾ ਐਡਵੋਕੇਟ,ਉੱਪ-ਪ੍ਰਧਾਨ ਸੁਖਜੀਤ ਸਿੰਘ ਬੱਬਰ, ਸੁਖਵਿੰਦਰ ਸਿੰਘ ਬਿੰਦਰ , ਸਮੂਹ ਨਗਰ ਕੌਂਸਲਰ ਸਾਹਿਬਾਨ, ਗੁਰਸੇਵਕ ਸਿੰਘ ਝੁਨੀਰ, ਸਰਪੰਚ ਅਰੁਣ ਗਰਗ ਚੂੜੀਆ, ਐੱਸ.ਐੱਮ. ਸੀ ਚੇਅਰਮੈਨ ਬੇਬੀ ਰਾਣੀ, ਸ਼ੇਰ ਸਿੰਘ, ਡਾ. ਵੇਦ ਪ੍ਰਕਾਸ਼ ਮੈਡੀਕਲ ਅਫ਼ਸਰ ਸਰਦੂਲਗੜ੍ਹ, ਵਿਦਿਆਰਥੀ, ਮਾਪੇ,ਸਮੂਹ ਸਟਾਫ ਅਤੇ ਸਮੁੱਚੇ ਮੀਡੀਆ ਕਲੱਬ ਦੇ ਮੈਂਬਰ ਵੀ ਹਾਜ਼ਰ ਸਨ ।

# ਉੱਘੇ ਕਮਿਊਨਿਸਟ ਆਗੂ ਕਾ .ਕਰਤਾਰ ਸਿੰਘ ਰੌੜਕੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ,,,

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ/ਸਰਦੂਲਗੜ੍ਹ ,, 3ਅਪਰੈਲ (ਆਤਮਾ ਸਿੰਘ ਪਮਾਰ ) ਇੱਥੋ ਥੋੜੀ ਦੂਰ ਸਥਿਤ ਪਿੰਡ ਰੌੜਕੀ ਦੇ ਗੁਰੂਘਰ ਵਿੱਖੇ ਮੁਜ਼ਾਰਾ ਲਹਿਰ ਤੇ ਸੀਪੀਆਈ ਦੇ ਉੱਘੇ ਆਗੂ ਕਾਮਰੇਡ ਕਰਤਾਰ ਸਿੰਘ ਰੌੜਕੀ ਦੀ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਦੌਰਾਨ ਵੱਡੀ ਤਦਾਦ ਵਿੱਚ ਰਾਜਨੀਤਕ, ਸਮਾਜਿਕ , ਧਾਰਮਿਕ ਤੇ ਜਨਤਕ ਜੱਥੇਬੰਦੀਆਂ ਦੇ ਆਗੂਆਂ, ਵਰਕਰਾਂ , ਰਿਸ਼ਤੇਦਾਰਾ , ਸੁਨੇਹੀਆ ਤੇ ਪਿੰਡ ਵਾਸੀਆਂ ਨੇ ਸ਼ਿਰਕਤ ਕੀਤੀ , ਇਸ ਮੌਕੇ ਤੇ ਸੰਬੋਧਨ ਕਰਦਿਆ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾ. ਕ੍ਰਿਸ਼ਨ ਚੋਹਾਨ , ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ , ਆਰ ਐਮ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾ. ਲਾਲ ਚੰਦ ਸਰਦੂਲਗੜ੍ਹ , ਡੇਰਾ ਹੱਕ ਤਾਲਾ ਦੇ ਮੁੱਖੀ ਬਾਬਾ ਕੇਵਲ ਦਾਸ , ਕਾਂਗਰਸ ਦੇ ਆਗੂ ਪ੍ਰੋ ਜੀਵਨ ਦਾਸ ਬਾਵਾ ਨੇ ਕਿਹਾ ਕਿ ਕਾ. ਕਰਤਾਰ ਸਿੰਘ ਰੋੜਕੀ ਇੱਕ ਮਿਸਾਲੀ ਕਮਿਉਨਿਸਟ ਆਗੂ ਸਨ ,ਜਿੰਨ੍ਹਾ ਨੇ ਹਮੇਸ਼ਾ ਹੀ ਸਮਾਜ ਨੂੰ ਬਿਹਤਰ ਬਣਾਉਣ ਲਈ ਸਿਰਤੋੜ ਯਤਨ ਕੀਤੇ । ਮੁਜ਼ਾਰਾ ਲਹਿਰ ਦੇ ਆਗੂਆਂ ਤੋਂ ਪ੍ਰਭਾਵਿਤ ਹੋ ਕੇ ਰਾਜਨੀਤੀ ਸ਼ੁਰੂ ਕੀਤੀ ਤੇ ਨਿਰਸਵਾਰਥ ਇੱਕੋ ਪਾਰਟੀ ਸੀਪੀਆਈ ਦੇ 'ਚ ਪੂਰੇ 7 ਦਹਾਕੇ ਪੂਰੀ ਤਰ੍ਹਾਂ ਸਰਗਰਮ ਰਹੇ ।

ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਕਾ. ਹਰਦੇਵ ਸਿੰਘ ਅਰਸ਼ੀ ਨੇ ਵੀ ਸੋਕ ਮਤਾ ਭੇਜ ਕੇ ਕਾ. ਕਰਤਾਰ ਸਿੰਘ ਰੌੜਕੀ ਨੂੰ



ਸ਼ਰਧਾ ਦੇ ਫੁੱਲ ਭੇਟ ਕੀਤੇ । ਇਸ ਮੌਕੇ ਤੇ ਹੋਰਨਾਂ ਤੋ ਇਲਾਵਾ ਕਾਂਗਰਸੀ ਆਗੂ ਗੁਰਸਰਨ ਸਿੰਘ ਮਾਖਾ , ਚਰਨਜੀਤ ਸਿੰਘ ਸਰਦੂਲਗੜ੍ਹ , ਕਿਸਾਨ ਆਗੂ ਮਲੂਕ ਸਿੰਘ ਹੀਰਕੇ , ਬਾਬਾ ਲਛਮਣ ਮੁਨੀ , ਬਿਕਰਮਜੀਤ ਸਿੰਘ ਸਾਧੂਵਾਲਾ , ਜਗਜੀਤ ਸਿੰਘ ਸੰਧੂ , ਡਾ ਕ੍ਰਿਸ਼ਨ ਚੰਦ , ਮਾਸਟਰ ਸੀਤਾਰਾਮ , ਗੁਰਪਿਆਰ ਸਿੰਘ ਫੱਤਾ , ਪੂਰਨ ਸਿੰਘ ਸਰਦੂਲਗੜ੍ਹ , ਮੰਘਰ ਸਿੰਘ ਮੀਰਪੁਰ , ਸੁਰਿੰਦਰਪਾਲ ਸਰਦੂਲਗੜ੍ਹ , ਸੁਖਦੇਵ ਸਿੰਘ ਪੰਧੇਰ ਆਦਿ ਆਗੂ ਵੀ ਸ਼ਰਧਾਂਜਲੀ ਸਮਾਗਮ ਦੌਰਾਨ ਹਾਜ਼ਰ ਸਨ । ਮੰਚ ਸੰਚਾਲਨ ਦੀ ਭੂਮਿਕਾ ਦੀ ਭੂਮਿਕਾ ਕਾ. ਸੱਤਪਾਲ ਚੋਪੜਾ ਵੱਲੋਂ ਬਾਖੂਬੀ ਨਿਭਾਈ ਗਈ।

# ਅਖੌਤੀ ਖਾਲਿਸਤਾਨੀ ਸਮਰਥਕ ਗੁਰਪਤਵੰਤ ਪੰਨੂ ਵਰਗੇ ਸ਼ਰਾਰਤੀ ਅਨਸਰ ਹਮੇਸ਼ਾ ਦੇਸ਼ ਨੂੰ ਤੋੜਨ ਦਾ ਯਤਨ ਕਰਦੇ ਹਨ : ਰਣਜੀਤ ਸਿੰਘ ਰਾਣਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 3 ਅਪ੍ਰੈਲ ( ਤਰਸੇਮ ਦੀਵਾਨਾ ) ਵਿਦੇਸ਼ਾਂ ਵਿੱਚ ਬੈਠੇ ਭਾਰਤ ਦੇਸ਼ ਦੀ ਏਕਤਾ,ਅਖੰਡਤਾ ਅਤੇ ਭਾਈਚਾਰਕ ਸਾਂਝ ਦੇ ਵਿਰੋਧੀ ਅਖੌਤੀ ਖਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਖਿਲਾਫ ਕੀਤੀਆਂ ਭੈੜੀਆਂ ਟਿੱਪਣੀਆਂ ਨਾਲ ਜਿਥੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਅਪਮਾਨ ਹੋਇਆ ਹੈ ਓਥੇ ਇਸ ਬਹੁਦਾ ਹਰਕਤ ਨਾਲ ਦੇਸ਼ ਦੇ ਕਰੋੜਾਂ ਆਦਿ ਵਾਸੀ ਬਹੁਜਨਾਂ ਦਾ ਸਮਾਜਿਕ ਅਪਮਾਨ ਹੋਇਆ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਸਥਾਨਕ ਮਹੱਲਾ ਭੀਮ ਨਗਰ ਦੇ ਸਤਿਗੁਰੂ ਰਵਿਦਾਸ ਧਾਮ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪੁਰਹੀਰਾਂ ਦੇ ਲੰਬੜਦਾਰ ਰਣਜੀਤ ਸਿੰਘ ਰਾਣਾ ਨੇ ਸਾਡੇ ਪੱਤਰਕਾਰ ਨਾਲ ਇੱਕ ਵਿਸ਼ੇਸ਼ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਕਿਹਾ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਇਕੱਲੇ ਐਸਸੀ ਸਮਾਜ ਜਾਂ ਕਿਸੇ ਇਕ ਫਿਰਕੇ ਦੇ ਆਗੂ ਨਹੀਂ ਹਨ ਬਲਕਿ ਪੂਰੇ ਭਾਰਤ ਵਾਸੀਆਂ ਦੇ ਹਰਮਨ ਪਿਆਰੇ ਰਹਿਬਰ ਹਨ। ਬਾਬਾ ਸਾਹਿਬ ਦੇ ਲਿਖੇ ਸੰਵਿਧਾਨ ਨਾਲ ਭਾਰਤ ਦਾ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਵਪਾਰਕ ਸਿਸਟਮ ਚੱਲਦਾ ਹੈ। ਕਿਸੇ ਵੀ ਫੁੱਟ-ਪਾਊ ਅਤੇ ਸ਼ਰਾਰਤੀ ਅਨਸਰ ਵੱਲੋਂ ਬਾਬਾ ਸਾਹਿਬ ਦੇ ਖਿਲਾਫ਼ ਇਹੋ ਜਿਹੀ ਘਟੀਆ ਸ਼ਬਦਾਵਲੀ ਵਰਤਣ ਨੂੰ ਆਦਿ ਵਾਸੀ ਐਸਸੀ ਸਮਾਜ ਸਹਿਣ ਨਹੀਂ ਕਰੇਗਾ। ਉਹਨਾਂ ਕਿਹਾ ਕਿ ਇਹੋ ਜਿਹੇ ਸ਼ਰਾਰਤੀ ਅਨਸਰ ਦੇਸ਼ ਅੰਦਰ ਪੱਖਪਾਤ, ਉਚ-ਨੀਚ ਤੇ ਜਾਤ-ਪਾਤ ਦਾ ਵੱਡੇ ਪੱਧਰ 'ਤੇ ਵਖਰੇਵਾਂ ਪਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ । ਉਨਾਂ ਹਰ ਵਰਗ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਸੀ ਪਿਆਰ, ਏਕਤਾ ਅਤੇ ਭਾਈਚਾਰਕ ਸਾਂਝ ਬਣਾ ਕੇ ਰੱਖਣ ਅਤੇ ਇਹੋ ਜਿਹੀਆਂ ਫੁੱਟ ਪਾਊ ਹਰਕਤਾਂ ਕਰਨ ਵਾਲਿਆਂ ਨੂੰ ਮੂੰਹ ਤੋੜ ਜਬਾਬ ਦੇਣ । ਉਨਾਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਨੂੰ ਭਾਰਤ ਅੰਦਰ ਹੀ ਨਹੀਂ ਪੂਰੇ ਵਿਸ਼ਵ ਵਿੱਚ ਸਭ ਤੋਂ ਵੱਧ ਪੜ੍ਹੇ-ਲਿਖੇ ਹੋਣ ਦਾ ਮਾਣ ਪ੍ਰਾਪਤ ਹੈ ਇਸੇ ਕਰਕੇ ਭਾਰਤ ਸਰਕਾਰ ਵਲੋਂ ਉਨਾਂ ਨੂੰ ਭਾਰਤ ਰਤਨ ਐਵਾਰਡ ਨਾਲ ਸਨਮਾQਨਿਤ ਵੀ ਕੀਤਾ ਗਿਆ । ਉਹਨਾਂ ਕਿਹਾ ਕਿ ਪੰਨੂ ਵਰਗੇ ਸ਼ਰਾਰਤੀ ਅਨਸਰ ਸਮਾਜ ਵਿਚ ਜ਼ਹਿਰ ਤੇ ਨਫਰਤ ਫੈਲਾਉਂਦੇ ਹਨ ਤੇ ਦੇਸ਼ ਨੂੰ ਤੋੜਨ ਦਾ ਯਤਨ ਕਰਦੇ ਹਨ । ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਨੇ ਕਰੋੜਾਂ ਆਦਿ ਵਾਸੀ ਬਹੁਜਨਾਂ ਨੂੰ ਸੰਵਿਧਾਨਕ ਅਧਿਕਾਰ ਲੈ ਕੇ ਦਿੱਤੇ, ਜਿਸ ਸਦਕਾ ਅੱਜ ਸਮਾਜ ਪੜ੍ਹ ਲਿਖਕੇ ਰਾਸ਼ਟਰਪਤੀ, ਕੇਂਦਰੀ ਮੰਤਰੀ, ਮੁੱਖ ਮੰਤਰੀ, ਐਮ ਪੀ, ਐਮ ਐਲ ਏ , ਅਤੇ ਸਰਕਾਰੀ ਚੰਗੀਆਂ ਚੰਗੀਆਂ ਨੌਕਰੀਆਂ ਦਾ ਅਨੰਦ ਮਾਣਦੇ



ਹਨ । ਉਹਨਾਂ ਕਿਹਾ ਬਾਬਾ ਸਾਹਿਬ ਨੇ ਬਿਨਾਂ ਕਿਸੇ ਪੱਖ ਪਾਤ, ਭੇਦ ਭਾਵ ਦੇ ਸੰਵਿਧਾਨ ਅੰਦਰ ਹਰ ਵਰਗ ਨੂੰ ਬਰਾਬਰ ਦੇ ਅਧਿਕਾਰ ਲੈ ਕੇ ਦਿੱਤੇ ਹਨ, ਨੀਚ ਅਤੇ ਅਬਲਾ ਕਹਿਣ ਵਾਲੀ ਔਰਤ ਨੂੰ ਬਰਾਬਰਤਾ ਦਾ ਅਧਿਕਾਰ ਦੇ ਕੇ ਸਿਰ ਦਾ ਤਾਜ ਬਣਾਇਆ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਨਾਂ ਫੁੱਟ ਪਾਊਣ ਵਾਲੇ ਭਾਰਤ,ਪੰਜਾਬ ਦੀ ਅਮਨ ਸ਼ਾਂਤੀ ਨੂੰ ਅੱਗ ਲਾਉਣ ਵਾਲੇ ਲੋਕਾਂ ਦਾ ਡੱਟ ਕੇ ਵਿਰੋਧ ਕਰਨ ਅਤੇ ਆਪਸੀ ਪਿਆਰ, ਏਕਤਾ ਭਾਈਚਾਰਕ ਸਾਂਝ ਬਣਾ ਕੇ ਰੱਖਣ। ਉਨਾਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੇ ਲੋਕਾਂ ਖਿਲਾਫ਼ ਸਖਤ ਕਾਰਵਾਈ ਕਰੇ

# ਪੰਜਾਬ ਸਕੂਲ ਸਿੱਖਿਆ ਬੋਰਡ ਨੇ ਅਕਾਦਮਿਕ ਮਿਆਰ ਸੁਧਾਰਨ ਲਈ

## ਉੱਚ-ਗੁਣਵੱਤਾ ਦੇ ਪ੍ਰਸ਼ਨ-ਪੱਤਰਾਂ 'ਤੇ ਵਰਕਸ਼ਾਪ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com

ਬਠਿੰਡਾ/ਮੋਹਾਲੀ 3 ਅਪ੍ਰੈਲ (ਅੰਗਰੇਜ ਸਿੰਘ ਵਿੱਕੀ)- ਪੰਜਾਬ ਸਕੂਲ ਐਜੂਕੇਸ਼ਨ ਬੋਰਡ (PSEB) ਨੇ ਪੰਜਾਬ ਵਿੱਚ ਪੜ੍ਹਾਈ ਦੇ ਮਿਆਰ ਨੂੰ ਵਧਾਉਣ ਲਈ 5 ਦਿਨਾਂ ਦੀ ਵਰਕਸ਼ਾਪ ਕਰਵਾਈ, ਜਿਸ ਵਿੱਚ ਪ੍ਰਸ਼ਨ-ਪੱਤਰਾਂ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ 'ਤੇ ਧਿਆਨ ਦਿੱਤਾ ਗਿਆ। ਇਸ ਵਰਕਸ਼ਾਪ ਵਿੱਚ ਦੱਸਿਆ ਗਿਆ ਕਿ ਹੁਨਰ-ਅਧਾਰਿਤ ਸਿੱਖਿਆ ਨਾਲ ਪੰਜਾਬ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਏ ਗੁਣਵੱਤਾ ਵਧਾਈ ਜਾ ਸਕਦੀ ਹੈ। ਇਸ ਵਰਕਸ਼ਾਪ ਵਿੱਚ 104 ਸ਼ਖਸ਼ਿਅਤਾਂ ਨੇ ਹਿੱਸਾ ਲਿਆ।ਅਜ਼ੀਮ ਪ੍ਰੇਮਜੀ ਫਾਊਂਡੇਸ਼ਨ ਅਤੇ ਹੋਰ ਮੁੱਖ ਐਜੂਕੇਸ਼ਨਲ ਸੰਸਥਾਵਾਂ ਦੇ ਵਿਦਿਅਕ ਮਾਹਿਰਾਂ ਨੇ ਵੀ ਇਸ ਵਰਕਸ਼ਾਪ



ਵਿੱਚ ਹਿੱਸਾ ਲਿਆ, ਜੋ ਪਰਖ, PARAKH (NCERT) ਦੇ ਸਹਿਯੋਗ ਨਾਲ ਕਰਵਾਈ ਗਈ ਸੀ। ਮਾਹਿਰਾਂ ਨੇ ਪੜ੍ਹਾਈ ਦੇ ਮਿਆਰ ਨੂੰ ਸੁਧਾਰਨ ਲਈ ਮੁਲਾਂਕਣ, ਪਾਠਕ੍ਰਮ, ਪ੍ਰਬੰਧਨ ਅਤੇ ਸਿੱਖਿਆ ਦੇ ਮਜ਼ਬੂਤ ਬੁਨਿਆਦੀ ਢਾਂਚੇ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪਰੀਖਿਆਵਾਂ ਸਿਰਫ਼ ਰੱਟਾ ਮਾਰਨ ਦੀ ਬਜਾਏ ਵਿਦਿਆਰਥੀਆਂ ਦੀ ਸੋਚਣ ਦੀ ਸਮਰੱਥਾ, ਸਮੱਸਿਆ ਹੱਲ ਕਰਨ ਦੇ ਹੁਨਰ ਅਤੇ ਜੀਵਨ ਵਿੱਚ ਗਿਆਨ ਦੀ ਵਰਤੋਂ ਨੂੰ ਪਰਖਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ।ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ.ਅਮਰਪਾਲ ਸਿੰਘ ਆਈ.ਏ.ਐਸ (ਰਿਟਾ:) ਨੇ ਕਿਹਾ ਕਿ NCERT ਦੀਆਂ ਰਾਜ ਬੋਰਡਾਂ ਨਾਲ ਕੀਤੀਆਂ ਵਰਕਸ਼ਾਪਾਂ ਦੀ ਲੜੀ ਵਿੱਚ, ਇਸ ਵਰਕਸ਼ਾਪ ਦਾ ਮੁੱਖ ਮਕਸਦ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਰੀਖਿਆ ਸੁਧਾਰਾਂ ਅਤੇ ਸੰਤੁਲਿਤ ਪ੍ਰਸ਼ਨ-ਪੱਤਰਾਂ ਬਣਾਉਣ ਦੀ ਪ੍ਰਤੀਬੱਧਤਾ ਨੂੰ ਦਰਸਾਉਣਾ ਸੀ। ਉਨ੍ਹਾਂ ਨੇ ਕਿਹਾ ਕਿ ਉੱਚ-ਗੁਣਵੱਤਾ ਦੇ ਪ੍ਰਸ਼ਨ-ਪੱਤਰ ਸਮਝਦਾਰੀ ਅਤੇ ਸਿੱਖਣ ਲਈ ਜ਼ਰੂਰੀ ਹਨ। ਡਾ. ਅਮਰਪਾਲ ਸਿੰਘ ਨੇ ਇਹ ਵੀ ਜ਼ੋਰ ਦਿੱਤਾ ਕਿ ਪਰੀਖਿਆਵਾਂ ਵਿੱਚ ਵਿਦਿਆਰਥੀਆਂ ਦੀ ਸਮਝ ਅਤੇ ਅਸਲ ਜ਼ਿੰਦਗੀ ਦੇ ਹੁਨਰਾਂ ਨੂੰ ਪਰਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਅਧਿਆਪਕਾਂ ਦੀ ਟ੍ਰੇਨਿੰਗ, ਪਾਠਕ੍ਰਮ ਸੁਧਾਰ ਅਤੇ ਬਿਹਤਰ ਮੁਲਾਂਕਣ ਵਿਧੀਆਂ ਰਾਹੀਂ ਅਕਾਦਮਿਕ ਮਿਆਰ ਉੱਚਾ ਚੁੱਕਣ ਲਈ ਬੋਰਡ ਦੀ ਪ੍ਰਤੀਬੱਧਤਾ ਨੂੰ ਦੁਹਰਾਇਆ।ਪਰਖ, ਅਜ਼ੀਮ ਪ੍ਰੇਮਜੀ ਫਾਉਂਡੇਸ਼ਨ ਅਤੇ ਹੋਰ ਪ੍ਰਮੁੱਖ ਸੰਸਥਾਵਾਂ ਦੇ ਵਿਦਿਅਕ ਮਾਹਿਰਾਂ ਨੇ ਵੀ ਸਿੱਖਿਆ ਦੀਆਂ ਆਧੁਨਿਕ ਤਕਨੀਕਾਂ 'ਤੇ ਮਹੱਤਵਪੂਰਨ ਸੁਝਾਅ ਦਿੱਤੇ। ਉਨ੍ਹਾਂ ਨੇ ਵਿਦਿਆਰਥੀਆਂ ਦੇ ਨਤੀਜੇ ਸੁਧਾਰਨ ਲਈ ਸਮੇਂ ਦੇ ਹਾਣੀ ਪਾਠਕ੍ਰਮ ਅਤੇ ਮਜ਼ਬੂਤ ਸਿੱਖਿਆ ਪ੍ਰਣਾਲੀ ਦੀ ਲੋੜ 'ਤੇ ਜ਼ੋਰ ਦਿੱਤਾ।ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਸ਼੍ਰੀਮਤੀ ਪਰਲੀਨ ਕੌਰ ਬਰਾੜ, ਡਿਪਟੀ ਸਕੱਤਰ (ਐਕਾਦਮਿਕ) ਅਤੇ ਵਿਸ਼ਾ ਮਾਹਿਰਾਂ ਨੇ ਇਸ ਵਰਕਸ਼ਾਪ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

# ਢੀਂਡਸਾ ਗਰੁੱਪ ਨੂੰ ਝਟਕਾ, ਯੂਥ ਆਗੂ ਗੁਰਲਾਲ ਸਿੰਘ ਸਾਥੀਆਂ ਸਮੇਤ "ਆਪ" ਚ ਸ਼ਾਮਿਲ

## ਕੈਬਿਨਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦੇ ਹੱਥਾਂ ਵਿੱਚ ਹੀ ਲਹਿਰਾ ਹਲਕੇ ਦੇ ਹਿੱਤ ਸੁਰਖਿਅਤ :-- ਗੁਰਲਾਲ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਅਪਰੈਲ
INTERNATIONAL PAPER, 94636 01616
hardipchumber57@gmail.com



